ਅੱਜ ਦਾ ਸ਼ੁਭ ਵਿਚਾਰ



ਸਰੀਰ ਕਦੇ ਵੀ ਪੂਰਾ ਪਵਿੱਤਰ ਨਹੀਂ ਹੋ ਸਕਦਾ, ਫਿਰ ਵੀ ਸਾਰੇ ਇਸ ਦੀ ਪਵਿੱਤਰਤਾ ਲਈ ਕੋਸ਼ਿਸ਼ਾਂ ਕਰਦੇ ਹਨ। ਮਨ ਪਵਿੱਤਰ ਹੋ ਸਕਦਾ ਹੈ, ਪਰ ਅਫ਼ਸੋਸ ! ਕੋਈ ਕੋਸ਼ਿਸ਼ ਨਹੀਂ ਕਰਦਾ

ਸੁਦਰਸ਼ਨ ਗਰਗ

ਰੋਜ਼ਾਨਾ ਲੋਕ ਬਾਣੀ
www.lokbani.com

ਸੱਚ ਤੇ ਨਿਡਰ ਆਵਾਜ਼

# ਰੋਜ਼ਾਨਾ ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ

ਸੋਮਵਾਰ, 08 ਜੁਲਾਈ 2024

ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

R. N. I. Punpun/29016/2008 * ਸਾਲ 16 , * ਅੰਕ : 35, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181-2211009 * M : 99155-94111

DIPS INSTITUTIONS CHAIN OF DIPS INSTITUTIONS KNOWLEDGE IS POWER
DIPS ITM
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS JALANDHAR CITY
www.dipsimt@gmail.com (dipsimt@gmail.com)
Contact: 95010-00697, 97806-00998

## ਇਮਰਾਨ ਵੱਲੋਂ ਪਾਕਿਸਤਾਨ 'ਚ ਨਵੇਂ ਸਿਰੇ ਤੋਂ ਚੋਣਾਂ ਕਰਾਉਣ ਦੀ ਮੰਗ



ਲਾਹੌਰ, (ਲੋਕ ਬਾਣੀ) ਜੇਲ੍ਹ 'ਚ ਬੰਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਮੰਗ ਕੀਤੀ ਕਿ ਨਵੇਂ ਤੇ ਨਿਰਪੱਖ ਚੋਣ ਕਮਿਸ਼ਨ ਦੀ ਅਗਵਾਈ ਹੇਠ ਮੁਲਕ ਵਿੱਚ ਨਵੇਂ ਸਿਰੇ ਤੋਂ ਚੋਣਾਂ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਹਰ ਕੋਈ ਜਾਣਦਾ ਹੈ ਕਿ ਸਾਲ 2024 'ਚ ਹੋਈਆਂ ਚੋਣਾਂ ਪਾਕਿਸਤਾਨ ਦੇ ਇਤਿਹਾਸ 'ਚ ਸਭ ਤੋਂ ਵੱਡਾ ਧੋਖਾ ਸਨ। ਜੇਲ੍ਹ 'ਚ ਬੰਦ ਇਮਰਾਨ ਖਾਨ ਨੇ ਜਾਰੀ ਕੀਤੇ ਸੁਨੇਹੇ 'ਚ ਕਿਹਾ, 'ਮੈਂ ਸੱਚੀ ਆਜ਼ਾਦੀ ਦੇ ਸੰਘਰਸ਼ 'ਚ ਡਟਿਆ ਰਹਾਂਗਾ। ਤਕਰੀਬਨ ਇੱਕ ਸਾਲ ਜੇਲ੍ਹ 'ਚ ਰਹਿਣ ਅਤੇ ਵੱਧ ਤੋਂ ਵੱਧ ਗਰਮੀ ਸਹਿਣ ਦੇ ਬਾਵਜੂਦ ਮੈਂ ਕਦੇ ਵੀ ਸਾਡੇ ਸਮੇਂ ਦੇ ਜ਼ਾਲਮਾਂ ਅੱਗੇ ਸਮਰਪਣ ਨਹੀਂ ਕਰਾਂਗਾ। ਮੈਂ ਜੇਲ੍ਹ 'ਚ ਮਰਨ ਲਈ ਤਿਆਰ ਹਾਂ ਪਰ ਮੈਂ ਜਦੋਂ ਤੱਕ ਜਿਊਂਦਾ ਰਹਾਂਗਾ, ਇਹ ਲੜਾਈ ਲੜਾਂਗਾ।' ਖਾਨ ਜੋ 200 ਤੋਂ ਵੱਧ ਕੇਸਾਂ ਦਾ ਸਾਹਮਣਾ ਕਰ ਰਹੇ ਹਨ ਤੇ ਉਨ੍ਹਾਂ 'ਚੋਂ ਕੁਝ ਵਿੱਚ ਦੋਸ਼ੀ ਠਹਿਰਾਏ ਗਏ ਹਨ

## ਝਾਰਖੰਡ ਵਿਚ ਇਮਾਰਤ ਡਿੱਗੀ ਹੋਇਆ ਤਿੰਨ ਮੋਤਾ



ਦੇਵਘਰ (ਲੋਕ ਬਾਣੀ ) ਝਾਰਖੰਡ ਦੇ ਦੇਵਘਰ ਜ਼ਿਲ੍ਹੇ ਵਿਚ ਅੱਜ ਦੋ ਮੰਜ਼ਿਲਾ ਇਮਾਰਤ ਡਿੱਗ ਗਈ ਜਿਸ ਦੇ ਮਲਬੇ ਹੇਠ ਦੱਬਣ ਕਾਰਨ ਘੱਟੋ-ਘੱਟ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਤਿੰਨ ਜ਼ਖ਼ਮੀ ਹੋ ਗਏ। ਇਮਾਰਤ ਦੇ ਮਲਬੇ ਹੇਠ ਕੁਝ ਹੋਰ ਲੋਕਾਂ ਦੇ ਦੱਬੇ ਜਾਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ, ਜਿਸ ਕਾਰਨ ਬਚਾਅ ਕਾਰਜ ਜਾਰੀ ਹੈ।ਅਧਿਕਾਰੀਆਂ ਨੇ ਦੱਸਿਆ ਕਿ ਦੇਵਘਰ ਦੇ ਇਕ ਇਲਾਕੇ 'ਚ ਸਵੇਰੇ ਕਰੀਬ 6 ਵਜੇ ਦੋ ਮੰਜ਼ਿਲਾ ਇਮਾਰਤ ਡਿੱਗ ਗਈ ਅਤੇ ਹੁਣ ਤੱਕ ਚਾਰ ਜਣਿਆਂ ਨੂੰ ਇਸ ਦੇ ਮਲਬੇ 'ਚੋਂ ਸੁਰੱਖਿਅਤ ਕੱਢ ਲਿਆ ਗਿਆ ਹੈ। ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐੱਨਡੀਆਰਐੱਫ.) ਦੀ ਟੀਮ ਨੂੰ ਬਚਾਅ ਕਾਰਜਾਂ ਲਈ ਲਗਾਇਆ ਗਿਆ ਹੈ।

## ਉਤਰਾਖੰਡ ਚ ਮੌਸਮ ਦੀ ਖਰਾਬੀ ਕਾਰਨ ਯਾਤਰਾ ਰੋਕੀ ਗਈ




ਉਤਰਾਖੰਡ(ਲੋਕ ਬਾਣੀ)- ਦੇਸ਼ ਵਿਚ ਯਾਤਰਾ ਦਾ ਦੋਰ ਸ਼ੁਰੂ ਹੈ ਮੌਸਮ ਖਰਾਬ ਹੈ ਇਸ ਵਿਚ ਉੱਤਰਾਖੰਡ ਚ ਮੌਸਮ ਵਿਭਾਗ ਵਲੋਂ ਸ਼ਨੀਵਾਰ ਸ਼ਾਮ ਨੂੰ 9 ਜ਼ਿਲ੍ਹਿਆਂ ਵਿਚ ਆਗਾਮੀ ਦੋ ਦਿਨਾਂ ਵਿਚ ਭਾਰੀ ਬਾਰਿਸ ਦਾ ਅਨੁਮਾਨ ਪ੍ਰਗਟ ਕਰਨ ਤੋਂ ਬਾਅਦ ਸੂਬਾ ਸਰਕਾਰ ਵਲੋਂ ਚਿਤਾਵਨੀ (ਅਲਰਟ) ਜਾਰੀ ਕਰ ਦਿੱਤਾ ਗਿਆ, ਨਾਲ ਹੀ ਸੂਬੇ ਵਿਚ ਸਥਿਤ ਗੰਗੋਤਰੀ, ਯਮੁਨੋਤਰੀ, ਬਦਰੀਨਾਥ ਤੇ ਕੇਦਾਰਨਾਥ ਤੀਰਥ ਸਥਾਨਾਂ ਦੀ ਯਾਤਰਾ ਵੀ ਮੁਲਤਵੀ ਕਰ ਦਿੱਤੀ ਗਈ।

## ਗੋਆ ਚ ਘੁੰਮਣ ਗਏ 80 ਸੈਲਾਨੀ ਵਾਟਰਫਾਲ ਵਿੱਚ ਫਸੇ



ਪਣਜੀ,(ਲੋਕ ਬਾਣੀ)ਇੱਥੋਂ ਦੇ ਸਤਾਰੀ ਤਾਲੁਕਾ ਦੇ ਪਾਲੀ ਝਰਨੇ ਵਿਚ ਭਾਰੀ ਮੀਂਹ ਤੋਂ ਬਾਅਦ ਪਾਣੀ ਦਾ ਪੱਧਰ ਅਚਾਨਕ ਵਧ ਗਿਆ ਜਿਸ ਕਾਰਨ ਵੱਡੀ ਗਿਣਤੀ ਸੈਲਾਨੀ ਫਸ ਗਏ। ਬਚਾਅ ਟੀਮਾਂ ਨੇ ਹੁਣ ਤਕ 50 ਲੋਕਾਂ ਨੂੰ ਬਚਾ ਲਿਆ ਹੈ ਜਦਕਿ 30 ਹਾਲੇ ਵੀ ਫਸੇ ਹੋਏ ਹਨ। ਪੁਲੀਸ ਸੁਪਰਡੈਂਟ (ਉੱਤਰੀ) ਅਕਸ਼ਤ ਕੌਸ਼ਲ ਨੇ ਕਿਹਾ ਕਿ ਇਸ ਸਮੇਂ ਫਾਇਰ ਅਤੇ ਐਮਰਜੈਂਸੀ ਸੇਵਾਵਾਂ ਦੇ ਮੁਲਾਜ਼ਮਾਂ ਦੀ ਮਦਦ ਨਾਲ ਝਰਨੇ 'ਤੇ ਬਚਾਅ ਕਾਰਜ ਚੱਲ ਰਹੇ ਹਨ। ਐਤਵਾਰ ਦਾ ਦਿਨ ਹੋਣ ਕਾਰਨ ਸਵੇਰੇ ਝਰਨੇ ਵੱਲ ਵੱਡੀ ਗਿਣਤੀ ਲੋਕਾਂ ਨੇ ਵਹੀਰਾਂ ਘੱਤੀਆਂ ਪਰ ਭਾਰੀ ਮੀਂਹ ਦੌਰਾਨ ਝਰਨੇ 'ਤੇ ਪਾਣੀ ਦਾ ਵਹਾਅ ਅਚਾਨਕ ਵੱਧ ਗਿਆ, ਜਿਸ ਨਾਲ ਵੱਡੀ ਗਿਣਤੀ ਲੋਕ ਫਸ ਗਏ। ਉਨ੍ਹਾਂ ਦੱਸਿਆ ਕਿ ਹੁਣ ਤੱਕ 50 ਲੋਕਾਂ ਨੂੰ ਬਚਾਇਆ ਜਾ ਚੁੱਕਿਆ ਹੈ ਤੇ ਹੋਰ 30 ਲੋਕ ਹਾਲੇ ਵੀ ਝਰਨੇ ਵਿੱਚ ਫਸੇ ਹੋਏ ਹਨ।

## ਭਾਰੀ ਮੀਂਹ ਕਾਰਨ ਉਤਰਾਖੰਡ ਅਤੇ ਹੋਰ ਰਾਜਾਂ ਵਿਚ ਹੜ ਦੀ ਚੇਤਾਵਨੀ



ਦੇਹਰਾਦੂਨ (ਲੋਕ ਬਾਣੀ) ਦੇਸ਼ ਦੇ ਕਈ ਸੂਬਿਆਂ ਚ ਮੌਨਸੂਨ ਦੀ ਭਾਰੀ ਬਾਰਿਸ਼ ਹੋ ਰਹੀ ਹੈ। ਪਹਾੜੀ ਰਾਜ ਉੱਤਰਾਖੰਡ ਵਿਚ ਮੀਂਹ ਕਾਰਨ ਸਥਿਤੀ ਗੰਭੀਰ ਬਣੀ ਹੋਈ ਹੈ। ਸੂਬੇ ਚ ਮੀਂਹ ਕਾਰਨ ਕਈ ਨਦੀਆਂ ਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਦੇ ਨੇੜੇ ਪਹੁੰਚ ਗਿਆ ਹੈ। ਇੱਥੇ ਭਾਰੀ ਬਾਰਿਸ਼ ਦੇ ਮੱਦੇਨਜ਼ਰ ਲੋਕਾਂ ਨੂੰ ਨਦੀਆਂ, ਨਾਲਿਆਂ ਅਤੇ ਟੋਇਆਂ ਤੋਂ ਦੂਰ ਰਹਿਣ ਲਈ ਕਿਹਾ ਗਿਆ ਹੈ। ਗੜ੍ਹਵਾਲ ਡਿਵੀਜ਼ਨ ਵਿਚ ਭਾਰੀ ਮੀਂਹ ਤੋਂ ਬਾਅਦ ਚਾਰਧਾਮ ਯਾਤਰਾ ਅੱਜ ਲਈ ਮੁਲਤਵੀ ਕਰ ਦਿੱਤੀ ਗਈ ਹੈ। ਰਾਜਸਥਾਨ ਅਤੇ ਪੂਰਬੀ ਰਾਜ ਆਸਾਮ ਵਿਚ ਭਾਰੀ ਮੀਂਹ ਕਾਰਨ ਸਥਿਤੀ ਨਾਜ਼ੁਕ ਬਣੀ ਹੋਈ ਹੈ। ਆਸਾਮ ਵਿਚ ਹੜ੍ਹ ਕਾਰਨ ਲੱਖਾਂ ਲੋਕ ਪ੍ਰਭਾਵਿਤ ਹੋਏ ਹਨ। ਰਾਜਸਥਾਨ ਦੇ ਕਈ ਜ਼ਿਲ੍ਹਿਆਂ ਵਿਚ ਵੀ ਭਾਰੀ ਮੀਂਹ ਪੈ ਰਿਹਾ ਹੈ।

## ਮੁੰਬਈ ਵਿਚ ਸ਼ਿਵ ਸੈਨਾ ਆਗੂ ਦੀ ਕਾਰ ਨਾਲ ਵਾਪਰਿਆ ਹਾਦਸਾ ਔਰਤ ਦੀ ਮੌਤ




ਮੁੰਬਈ (ਲੋਕ ਬਾਣੀ) ਮੁੰਬਈ ਦੇ ਵਰਲੀ ਇਲਾਕੇ ਵਿੱਚ ਸੜਕ ਹਾਦਸੇ ਵਿਚ ਇੱਕ ਸਕੂਟਰ ਸਵਾਰ ਔਰਤ ਦੀ ਮੌਤ ਹੋ ਗਈ। ਉਹ ਆਪਣੇ ਪਤੀ ਨਾਲ ਸਫ਼ਰ ਕਰ ਰਹੀ ਸੀ ਕਿ ਇੱਕ ਬੀਐਮਡਬਲਿਊ ਕਾਰ ਨੇ ਟੱਕਰ ਮਾਰ ਦਿੱਤੀ। ਇਹ ਪਤਾ ਲੱਗਿਆ ਹੈ ਕਿ ਕਾਰ ਨੂੰ ਸ਼ਿਵ ਸੈਨਾ ਦੇ ਆਗੂ ਦਾ ਪੁੱਤਰ ਚਲਾ ਰਿਹਾ ਸੀ। ਵਰਲੀ ਪੁਲੀਸ ਸਟੇਸ਼ਨ ਦੇ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕ ਔਰਤ ਦੀ ਪਛਾਣ ਕਾਵੇਰੀ ਨਖਵਾ (45) ਵਜੋਂ ਹੋਈ ਹੈ। ਇਕ ਲਗਜ਼ਰੀ ਕਾਰ ਦੇ ਡਰਾਈਵਰ ਨੇ ਸਵੇਰੇ 5:30 ਵਜੇ ਦੇ ਕਰੀਬ ਉਸ ਨੂੰ ਟੱਕਰ ਮਾਰ ਦਿੱਤੀ। ਉਸ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ ਜਿੱਥੇ ਪਹੁੰਚਣ 'ਤੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

## ਰਾਜਂ ਦੇ ਗਵਰਨਰ ਨੇ ਪੁਲਿਸ ਮੁਖੀ ਨਾਲ ਕੀਤੀ ਕਾਨੂੰਨ ਵਿਵਸਥਾ ਨੂੰ ਦੇਖਦੇ ਮੀਟਿੰਗ



ਚੰਡੀਗੜ੍ਹ, (ਵਿਨੋਦ ਸ਼ਰਮਾ)- ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਲੈ ਕੇ ਅੱਜ ਪੰਜਾਬ ਦੇ ਗਵਰਨਰ ਬਨਵਾਰੀ ਲਾਲ ਪੁਰੋਹਿਤ ਲੁਧਿਆਣਾ ਪਹੁੰਚੇ। ਬੀਤੇ ਦਿਨ ਸ਼ਿਵ ਸੈਨਾ ਆਗੂ ਸੰਦੀਪ ਥਾਪਰ ਉਰਫ ਗੋਰਾ ਉਤੇ ਹੋਏ ਹਮਲੇ ਤੋਂ ਬਾਅਦ ਗਵਰਨਰ ਦੀ ਲੁਧਿਆਣਾ ਫੇਰੀ ਅਹਿਮ ਮੰਨੀ ਜਾ ਰਹੀ ਹੈ। ਉਨ੍ਹਾਂ ਨੇ ਸਰਕਟ ਹਾਊਸ ਵਿਚ ਪੁਲਿਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਅਤੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨਾਲ ਵੀ ਮੁਲਾਕਾਤ ਕੀਤੀ। ਦੋਵਾਂ ਅਧਿਕਾਰੀਆਂ ਵਲੋਂ ਹਮਲੇ ਸੰਬੰਧੀ ਵਿਸਥਾਰਿਤ ਜਾਣਕਾਰੀ ਗਵਰਨਰ ਨੂੰ ਦਿੱਤੀ ਗਈ।

## ਬੇਰੁਜ਼ਗਾਰ ਸਾਂਝਾ ਮੋਰਚੇ ਦੇ ਆਗੂਆਂ ਨੂੰ ਕੀਤਾ ਗ੍ਰਿਫਤਾਰ



ਜਲੰਧਰ, (ਲੋਕ ਬਾਣੀ) ਰੁਜ਼ਗਾਰ ਸਾਂਝੇ ਮੋਰਚੇ ਦੇ ਅੱਜ ਜਲੰਧਰ ਰੋਸ ਪ੍ਰਦਰਸ਼ਨ ਨੂੰ ਅਸਫ਼ਲ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਬੇਰੁਜ਼ਗਾਰਾਂ ਦੇ ਘਰਾਂ ਵਿੱਚ ਛਾਪੇਮਾਰੀ ਕੀਤੀ ਗਈ। ਰਣਬੀਰ ਨਦਾਮਪੁਰ ਨੂੰ ਪੁਲੀਸ ਚੌਕੀ ਕਾਲਾ ਝਾੜ ਵਿਚ ਡੱਕਿਆ ਗਿਆ। ਇਸ ਤੋਂ ਇਲਾਵਾ ਇੰਦਰ ਜੀਤ ਗੁਰਦਾਸਪੁਰ ਨੂੰ ਘਰ ਵਿਚ ਨਜ਼ਰਬੰਦ ਕੀਤਾ ਗਿਆ।


## ਪੰਜਾਬ ਵਿੱਚ ਡੇਂਗੂ ਦਾ ਕਹਿਰ ਲਗਾਤਾਰ ਜਾਰੀ



ਲੁਧਿਆਣਾ (ਸੁਖਚੈਨ ਮਹਿਰਾ ) ਪੰਜਾਬ ਦੇ ਲੁਧਿਆਣਾ ਜ਼ਿਲ੍ਹੇ 'ਚ ਬਾਰਸ਼ਾਂ ਦੇ ਨਾਲ ਹੀ ਡੇਂਗੂ ਦਾ ਕਹਿਰ ਵੀ ਸ਼ੁਰੂ ਹੋ ਚੁੱਕਾ ਹੈ। ਸ਼ਹਿਰ ਦੇ ਵੱਖ-ਵੱਖ ਹਸਪਤਾਲਾਂ 'ਚ 50 ਦੇ ਕਰੀਬ ਡੇਂਗੂ ਦੇ ਪਾਜ਼ੇਟਿਵ ਮਰੀਜ਼ ਸਾਹਮਣੇ ਆ ਚੁੱਕੇ ਹਨ। ਮਾਹਿਰਾਂ ਮੁਤਾਬਕ ਬਾਰਸ਼ਾਂ ਨੂੰ ਦੇਖਦੇ ਹੋਏ ਆਉਣ ਵਾਲੇ ਦਿਨਾਂ 'ਚ ਡੇਂਗੂ ਦੇ ਕਹਿਰ 'ਚ ਹੋਰ ਵਾਧਾ ਹੋ ਸਕਦਾ ਹੈ। ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸ਼ੀਤਲ ਨਾਰੰਗ ਨੇ ਦੱਸਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਹਸਪਤਾਲਾਂ 'ਚ ਸਾਹਮਣੇ ਆਏ ਮਰੀਜ਼ਾਂ 'ਚ 25 ਮਰੀਜ਼ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਤੋਂ ਸਾਹਮਣੇ ਆਏ ਹਨ

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
ਕੈਨੇਡਾ/ਯੂ. ਕੇ./ ਆਸਟ੍ਰੇਲੀਆਂ ਟੂਰਿਸਟ ਵੀਜ਼ਾ
2155 ਵੀਜ਼ਾ
1 ਜਨਵਰੀ ਤੋਂ 30 ਮਾਰਚ ਤੱਕ ਲੱਗੇ
easyvisa | 8194828282

# ਪੰਜਾਬ-ਹਰਿਆਣਾ ਹਾਈਕੋਰਟ ਵੱਲੋਂ ਮੁਲਾਜ਼ਮਾਂ ਦੀ ਪੈਨਸ਼ਨ ਸਬੰਧੀ ਪਟੀਸ਼ਨ ਖਾਰਜ




ਚੰਡੀਗੜ੍ਹ : (ਲੋਕ ਬਾਣੀ)
ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੇ ਮੁਲਾਜ਼ਮਾਂ ਨੂੰ ਵੱਡਾ ਝਟਕਾ ਦਿੰਦਿਆਂ ਪੰਜਾਬ-ਹਰਿਆਣਾ ਹਾਈ ਕੋਰਟ ਨੇ ਪੈਨਸ਼ਨ ਦੀ ਮੰਗ ਨੂੰ ਲੈ ਕੇ ਦਾਇਰ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ।
ਹਾਈ ਕੋਰਟ ਨੇ ਕਿਹਾ ਕਿ ਨੀਤੀਗਤ ਫੈਸਲੇ ਲੈਣਾ ਸਰਕਾਰ ਦਾ ਕੰਮ ਹੈ ਅਤੇ ਉਨ੍ਹਾਂ ਨੇ ਮਾੜੀ ਆਰਥਿਕ ਸਥਿਤੀ ਕਾਰਨ ਪਟੀਸ਼ਨਰਾਂ ਲਈ ਪੈਨਸ਼ਨ ਦਾ ਪ੍ਰਬੰਧ ਨਹੀਂ ਕੀਤਾ ਹੈ। ਇਹ ਨਿਰੋਲ ਨੀਤੀਗਤ ਮਾਮਲਾ ਹੈ ਜਿਸ ਵਿੱਚ ਅਦਾਲਤ ਦਾ ਦਖ਼ਲ ਠੀਕ ਨਹੀਂ ਹੈ।
ਪਟੀਸ਼ਨ ਦਾਇਰ ਕਰਦਿਆਂ ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਮੁਲਾਜ਼ਮਾਂ ਨੇ ਹਾਈ ਕੋਰਟ ਨੂੰ ਦੱਸਿਆ ਕਿ ਪੰਜਾਬ ਦੇ ਸਾਰੇ ਵਿਭਾਗਾਂ ਵਿੱਚ ਮੁਲਾਜ਼ਮਾਂ ਨੂੰ ਪੈਨਸ਼ਨ ਦਿੱਤੀ ਜਾਂਦੀ ਹੈ ਪਰ ਪਟੀਸ਼ਨਰਾਂ ਨੂੰ ਨਹੀਂ।
ਉਨ੍ਹਾਂ ਸਰਕਾਰ ਨੂੰ ਪੈਨਸ਼ਨ ਦੀ ਮੰਗ ਨੂੰ ਲੈ ਕੇ ਮੰਗ ਪੱਤਰ ਵੀ ਦਿੱਤਾ ਸੀ। ਬੋਰਡ ਨੇ ਪ੍ਰਸਤਾਵ ਤਿਆਰ ਕੀਤਾ ਸੀ ਕਿ ਮੁਲਾਜ਼ਮਾਂ ਨੂੰ ਪੈਨਸ਼ਨ ਬੋਰਡ ਦੇ ਫੰਡਾਂ ਵਿੱਚੋਂ ਦਿੱਤੀ ਜਾ ਸਕਦੀ ਹੈ।
ਪਟੀਸ਼ਨ ਦਾ ਵਿਰੋਧ ਕਰਦਿਆਂ ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਐਡਵੋਕੇਟ ਤੀਵਰ ਸ਼ਰਮਾ ਨੇ ਕਿਹਾ ਕਿ ਪਟੀਸ਼ਨਰਾਂ ਦੀ ਨਿਯੁਕਤੀ ਦੀ ਹਾਲਤ ਵਿੱਚ ਪੈਨਸ਼ਨ ਦਾ ਕੋਈ ਪ੍ਰਬੰਧ ਨਹੀਂ ਹੈ। ਇਸ ਦੇ ਨਾਲ ਹੀ ਪੈਨਸ਼ਨ ਅਤੇ ਸੇਵਾ ਨਿਯਮ ਸਰਕਾਰ ਦਾ ਮਾਮਲਾ ਹੈ ਅਤੇ ਅਦਾਲਤ ਨੂੰ ਇਸ ਸਬੰਧੀ ਹਦਾਇਤਾਂ ਜਾਰੀ ਨਹੀਂ ਕਰਨੀਆਂ ਚਾਹੀਦੀਆਂ।
ਸਾਰੀਆਂ ਧਿਰਾਂ ਨੂੰ ਸੁਣਨ ਤੋਂ ਬਾਅਦ ਹਾਈ ਕੋਰਟ ਨੇ ਆਪਣਾ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਇਹ ਇੱਕ ਚੰਗੀ ਤਰ੍ਹਾਂ ਸਥਾਪਿਤ ਕਾਨੂੰਨ ਹੈ ਕਿ ਨੀਤੀਗਤ ਮਾਮਲਿਆਂ ਦੀ ਜਾਂਚ ਵਿੱਚ ਨਿਆਂਇਕ ਸਮੀਖਿਆ ਦਾ ਦਾਇਰਾ ਬਹੁਤ ਸੀਮਤ ਹੈ।
ਅਦਾਲਤਾਂ ਕਿਸੇ ਨੀਤੀ ਦੀ ਸ਼ੁੱਧਤਾ, ਉਚਿਤਤਾ ਜਾਂ ਨਿਪੁੰਨਤਾ ਦੀ ਜਾਂਚ ਨਹੀਂ ਕਰ ਸਕਦੀਆਂ, ਅਤੇ ਨਾ ਹੀ ਅਦਾਲਤਾਂ ਪਾਲਿਸੀ ਦੇ ਮਾਮਲਿਆਂ ਵਿੱਚ ਕਾਰਜਕਾਰੀ ਦੇ ਸਲਾਹਕਾਰ ਹਨ ਜੋ ਕਾਰਜਕਾਰੀ ਨੂੰ ਬਣਾਉਣ ਦਾ ਅਧਿਕਾਰ ਹੈ।
ਨੀਤੀਗਤ ਫੈਸਲੇ ਦੀ ਨਿਆਂਇਕ ਸਮੀਖਿਆ ਅਤੇ ਕਿਸੇ ਖਾਸ ਤਰੀਕੇ ਨਾਲ ਨੀਤੀ ਬਣਾਉਣ ਲਈ ਹੁਕਮ ਜਾਰੀ ਕਰਨਾ ਦੋ ਵੱਖ-ਵੱਖ ਗੱਲਾਂ ਹਨ। ਬਿਹਤਰ ਪ੍ਰਸ਼ਾਸਨ ਲਈ ਮੌਜੂਦਾ ਹਾਲਾਤਾਂ ਦੇ ਆਧਾਰ 'ਤੇ ਨੀਤੀਗਤ ਫੈਸਲੇ ਲੈਣਾ ਕਾਰਜਕਾਰੀ ਦੇ ਅਧਿਕਾਰ ਖੇਤਰ ਦੇ ਅੰਦਰ ਹੈ। ਕਾਨੂੰਨ ਬਣਾਉਣਾ ਅਦਾਲਤਾਂ ਦੇ ਅਧਿਕਾਰ ਖੇਤਰ ਵਿੱਚ ਨਹੀਂ ਹੈ, ਅਸੀਂ ਕਾਨੂੰਨਾਂ ਦੀ ਵਿਆਖਿਆ ਕਰਦੇ ਹਾਂ ਅਤੇ ਅਜਿਹੀ ਵਿਆਖਿਆ ਵਿੱਚ ਕੁਝ ਰਚਨਾਤਮਕ ਪ੍ਰਕਿਰਿਆ ਸ਼ਾਮਲ ਹੁੰਦੀ ਹੈ।
ਅਦਾਲਤਾਂ ਕੋਲ ਕਾਨੂੰਨ ਨੂੰ ਅਸੰਵਿਧਾਨਕ ਘੋਸ਼ਿਤ ਕਰਨ ਦੀ ਸ਼ਕਤੀ ਹੈ ਜਦੋਂ ਲੋੜ ਹੋਵੇ। ਅਦਾਲਤ ਨੂੰ ਕਿਸੇ ਨੀਤੀਗਤ ਫੈਸਲੇ ਦੀ ਵੈਧਤਾ 'ਤੇ ਵਿਚਾਰ ਕਰਨਾ ਚਾਹੀਦਾ ਹੈ ਜਦੋਂ ਇਹ ਸੰਵਿਧਾਨ ਦੁਆਰਾ ਨਿਰਧਾਰਤ ਮੌਲਿਕ ਅਧਿਕਾਰਾਂ ਜਾਂ ਕਿਸੇ ਹੋਰ ਵਿਧਾਨਕ ਅਧਿਕਾਰ ਦੀ ਉਲੰਘਣਾ ਕਰਦਾ ਹੈ।
ਇਨ੍ਹਾਂ ਟਿੱਪਣੀਆਂ ਨਾਲ ਹਾਈ ਕੋਰਟ ਨੇ ਮੁਲਾਜ਼ਮਾਂ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ।

# ਮੌਸਮ ਵਿਭਾਗ ਪੰਜਾਬ ਵੱਲੋਂ ਭਾਰੀ ਮੀਂਹ ਦੀ ਚੇਤਾਵਨੀ,



ਚੰਡੀਗੜ੍ਹ : (ਲੋਕ ਬਾਣੀ) ਦੇਸ਼ ਭਰ ਵਿੱਚ ਮਾਨਸੂਨ ਦੀ ਬਾਰਿਸ਼ ਆਫ਼ਤ ਬਣ ਰਹੀ ਹੈ। ਭਾਵੇਂ ਲੋਕਾਂ ਨੂੰ ਕੜਾਕੇ ਦੀ ਗਰਮੀ ਤੋਂ ਰਾਹਤ ਮਿਲੀ ਹੈ, ਪਰ ਭਾਰੀ ਮੀਂਹ ਕਾਰਨ ਉਨ੍ਹਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ।
ਉਥੇ ਹੀ ਦੂਜੇ ਪਾਸੇ, ਮੌਸਮ ਵਿਭਾਗ ਪੰਜਾਬ ਦੇ ਵਲੋਂ ਸੂਬੇ ਦੇ ਕਈ ਹਿੱਸਿਆਂ ਵਿਚ ਭਾਰੀ ਮੀਂਹ ਪੈਣ ਨੂੰ ਲੈ ਕੇ ਅਲਰਟ ਜਾਰੀ ਕੀਤਾ ਹੈ।
ਮੀਂਹ ਕਾਰਨ ਉੱਤਰ-ਪੂਰਬ ਦੇ 3 ਰਾਜ ਹੜ੍ਹ ਦੀ ਲਪੇਟ ਵਿੱਚ ਹਨ। ਹਿਮਾਚਲ ਪ੍ਰਦੇਸ਼ ਵਿੱਚ ਵੀ ਹੜ੍ਹ ਦਾ ਖਤਰਾ ਹੈ। ਜਿੱਥੇ ਉੱਤਰ ਪ੍ਰਦੇਸ਼, ਬਿਹਾਰ ਅਤੇ ਉੱਤਰਾਖੰਡ ਵਿੱਚ ਨਦੀਆਂ ਦਾ ਪਾਣੀ ਵਧ ਰਿਹਾ ਹੈ, ਉੱਥੇ ਪਹਾੜਾਂ ਤੋਂ ਮਲਬੇ ਅਤੇ ਪੱਥਰਾਂ ਦੇ ਨਾਲ ਭਾਰੀ ਪਾਣੀ ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਵਿੱਚ ਤਬਾਹੀ ਮਚਾ ਰਿਹਾ ਹੈ।
ਇਸ ਵਾਰ ਬਰਸਾਤ ਦੇ ਪਾਣੀ 'ਚ ਡੁੱਬ ਕੇ ਇਨਸਾਨ ਹੀ ਨਹੀਂ ਜਾਨਵਰ ਵੀ ਆਪਣੀ ਜਾਨ ਗੁਆ ਰਹੇ ਹਨ। ਅਸਾਮ ਦੇ ਕਾਂਜੀਰੰਗਾ ਨੈਸ਼ਨਲ ਪਾਰਕ ਵਿੱਚ ਹੜ੍ਹ ਕਾਰਨ 15 ਤੋਂ ਵੱਧ ਜਾਨਵਰਾਂ ਦੀ ਮੌਤ ਹੋ ਗਈ ਹੈ। ਬਿਹਾਰ 'ਚ 11 ਪੁਲ ਵਹਿ ਗਏ ਹਨ। ਉੱਤਰਾਖੰਡ ਵਿੱਚ 4 ਧਾਮ ਯਾਤਰਾ ਰੋਕ ਦਿੱਤੀ ਗਈ ਹੈ। ਮੌਸਮ ਵਿਭਾਗ ਨੇ ਦੇਸ਼ ਦੇ ਕਰੀਬ 15 ਰਾਜਾਂ ਵਿੱਚ ਭਾਰੀ ਮੀਂਹ ਦੀ ਭਵਿੱਖਬਾਣੀ ਕੀਤੀ ਹੈ।
ਮੌਸਮ ਵਿਭਾਗ ਮੁਤਾਬਕ ਦਿੱਲੀ-ਐਨਸੀਆਰ ਵਿੱਚ ਪਿਛਲੇ 2 ਦਿਨਾਂ ਤੋਂ ਮੀਂਹ ਪੈ ਰਿਹਾ ਹੈ। ਪੂਰੇ ਜੁਲਾਈ ਮਹੀਨੇ ਦੌਰਾਨ ਦਿੱਲੀ ਵਿੱਚ ਮੀਂਹ ਲਈ ਯੈਲੋ ਅਲਰਟ ਰਹੇਗਾ।
ਇਸ ਤੋਂ ਇਲਾਵਾ ਪੰਜਾਬ, ਹਰਿਆਣਾ, ਚੰਡੀਗੜ੍ਹ, ਹਿਮਾਚਲ ਪ੍ਰਦੇਸ਼, ਉਤਰਾਖੰਡ, ਉੱਤਰ ਪ੍ਰਦੇਸ਼, ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਝਾਰਖੰਡ, ਬਿਹਾਰ, ਗੋਆ, ਮਹਾਰਾਸ਼ਟਰ ਸਮੇਤ ਕਈ ਰਾਜਾਂ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ।

# 18 ਤੋ 60 ਸਾਲ ਦੇ ਹਰ ਤੰਦਰੁਸਤ ਇਨਸਾਨ ਨੂੰ ਖ਼ੂਨਦਾਨ ਕਰਨਾ ਚਾਹੀਦਾ ਹੈ - ਅਵਤਾਰ ਸਿੰਘ ਗੋਗਾ



ਬਠਿੰਡਾ (ਲੋਕ ਬਾਣੀ) ਖ਼ੂਨਦਾਨ ਮਹਾਂਦਾਨ ਮੰਨਿਆ ਗਿਆ ਹੈ ਕਿਉਂਕਿ ਜੀਵਨ ਦੀ ਮੁੱਖ ਲੋੜ ਹੈ ਇਸ ਗੱਲ ਦਾ ਪ੍ਰਗਟਾਵਾ ਅਵਤਾਰ ਸਿੰਘ ਗੋਗਾ ਜੀ ਨੇ ਕਰਦਿਆਂ ਕਿਹਾ ਕਿ 18 ਸਾਲ ਤੋਂ 60 ਸਾਲ ਤੱਕ ਦੇ ਹਰ ਤੰਦਰੁਸਤ ਇਨਸਾਨ ਨੂੰ ਜ਼ਿਦਗੀ ਵਿੱਚ ਖ਼ੂਨਦਾਨ ਜ਼ਰੂਰ ਕਰਨਾ ਚਾਹੀਦਾ ਹੈ। ਸ਼ਹੀਦ ਜਰਨੈਲ ਸਿੰਘ ਵੈਲਫੇਅਰ ਸੁਸਾਇਟੀ ਬਠਿੰਡਾ ਦੇ ਜੁਝਾਰੂ ਡੋਨਰ ਲਾਭ ਸਿੰਘ ਵੱਲੋਂ ਕੈਂਸਰ ਮਰੀਜ਼ ਨੂੰ ਨਿੱਜੀ ਬਲੱਡ ਬੈਂਕ ਵਿੱਚ AB+ ਐਮਰਜੈਂਸੀ ਫਰੈਸ਼ ਬਲੱਡ ਦਿੱਤਾ ਗਿਆ।
ਇਸ ਮੌਕੇ ਤੇ ਸੁਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਗੋਗਾ ਵੱਲੋਂ ਡੋਨਰ ਦਾ ਧੰਨਵਾਦ ਕੀਤਾ ਗਿਆ।

# ਗੁਜਰਾਤ ਦਾ 'ਅਮੀਰ' ਚੋਰ



ਨਵੀਂ ਦਿੱਲੀ-(ਲੋਕ ਬਾਣੀ)
ਗੁਜਰਾਤ ਦੇ ਵੈਸੇ ਤਾਂ ਬਥੇਰੇ ਕਿੱਸੇ ਨੇ ਅਤੇ ਇਨ੍ਹਾਂ ਕਿੱਸਿਆਂ ਦੇ ਕਾਰਨ ਭਾਰਤ ਦੀ ਸੰਸਦ ਤੋਂ ਲੈ ਕੇ ਸੜਕਾਂ ਤੱਕ ਪੀਐਮ ਨੂੰ ਵੀ ਵਿਰੋਧੀ ਧਿਰਾਂ ਘੇਰਦੀਆਂ ਰਹੀਆਂ ਹਨ। ਪਰ ਹੁਣ ਇੱਕ ਅਜਿਹਾ ਗੁਜਰਾਤ ਦਾ ਅਮੀਰ ਚੋਰ ਪੁਲਿਸ ਦੇ ਹੱਥੇ ਚੜ੍ਹਿਆ ਹੈ, ਜਿਸ ਕੋਲ ਨਾ ਸਿਰਫ਼ ਆਲੀਸ਼ਾਨ ਬੰਗਲਾ ਹੈ, ਸਗੋਂ ਲੱਖਾਂ ਰੁਪਏ ਦੀ ਕਾਰ ਵੀ ਹੈ। ਉਹ ਫਲਾਈਟ ਜ਼ਰੀਏ ਇੱਕ ਤੋਂ ਦੂਜੀ ਥਾਂ ਤੇ ਜਾ ਕੇ ਚੋਰੀ ਕਰਦਾ ਹੈ।
ਦਰਅਸਲ, ਗੁਜਰਾਤ ਪੁਲਿਸ ਨੇ ਇੱਕ ਚੋਰ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਕਰੋੜਾਂ ਰੁਪਏ ਦਾ ਮਾਲਕ ਨਿਕਲਿਆ ਹੈ। ਮੁਲਜ਼ਮ ਰੋਹਿਤ ਕਨੂਭਾਈ ਸੋਲੰਕੀ ਦਾ ਮੁੰਬਈ ਵਿੱਚ ਇੱਕ ਕਰੋੜ ਰੁਪਏ ਦਾ ਫਲੈਟ ਹੈ। ਉਸ ਕੋਲ ਔਡੀ ਕਾਰ ਵੀ ਹੈ।
ਦੋਸ਼ੀ ਆਲੀਸ਼ਾਨ ਹੋਟਲਾਂ 'ਚ ਠਹਿਰ ਕੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ। ਉਹ ਚੋਰੀ ਕਰਨ ਲਈ ਫਲਾਈਟ ਰਾਹੀਂ ਆਉਂਦਾ ਸੀ। ਉਹ ਉਨ੍ਹਾਂ ਥਾਵਾਂ 'ਤੇ ਕੈਬ ਲੈ ਕੇ ਜਾਂਦਾ ਸੀ ਜਿੱਥੇ ਚੋਰੀ ਕਰਨੀ ਹੁੰਦੀ ਸੀ।
ਪੁਲਿਸ ਵਾਪੀ ਵਿੱਚ 1 ਲੱਖ ਰੁਪਏ ਦੀ ਚੋਰੀ ਦੀ ਜਾਂਚ ਕਰ ਰਹੀ ਸੀ। ਜਿਸ ਤੋਂ ਬਾਅਦ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮੁਲਜ਼ਮ ਕਈ ਰਾਜਾਂ ਵਿੱਚ ਡਕੈਤੀ ਦੀਆਂ ਵਾਰਦਾਤਾਂ ਵੀ ਕਰ ਚੁੱਕਾ ਹੈ। ਵਾਪੀ ਵਿੱਚ ਹੋਈ ਚੋਰੀ ਤੋਂ ਬਾਅਦ ਜਦੋਂ ਪੁਲਿਸ ਨੇ ਉਸ ਤੋਂ ਪੁੱਛਗਿੱਛ ਕੀਤੀ ਤਾਂ ਉਹ ਦੰਗ ਰਹਿ ਗਈ।
ਕਈ ਰਾਜਾਂ ਵਿੱਚ 19 ਡਕੈਤੀਆਂ ਦੀ ਗੱਲ ਕਬੂਲੀ
ਮੁਲਜ਼ਮ ਲਗਜ਼ਰੀ ਜ਼ਿੰਦਗੀ ਜਿਊਣ ਦਾ ਸ਼ੌਕੀਨ ਹੈ। ਉਸ ਨੇ ਕਈ ਰਾਜਾਂ ਵਿੱਚ ਲੁੱਟ-ਖੋਹ ਦੀਆਂ 19 ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ। ਸੋਲੰਕੀ ਦਾ ਮੁੰਬਈ ਦੇ ਮੁਬਰਾ ਇਲਾਕੇ 'ਚ 1 ਕਰੋੜ ਰੁਪਏ ਦਾ ਫਲੈਟ ਵੀ ਹੈ। ਉਸ ਕੋਲ ਔਡੀ ਕਾਰ ਹੈ। ਉਸਨੇ ਵਲਸਾਡ ਵਿਚ 3 ਡਕੈਤੀਆਂ, ਸੇਲਵਾਲ, ਪੋਰਬੰਦਰ ਅਤੇ ਸੂਰਤ ਵਿਚ 1-1 ਡਕੈਤੀ ਦੀ ਗੱਲ ਕਬੂਲ ਕੀਤੀ ਹੈ।
ਮੁਲਜ਼ਮ ਨੇ ਤੇਲੰਗਾਨਾ, ਮੱਧ ਪ੍ਰਦੇਸ਼ ਅਤੇ ਆਂਧਰਾ ਪ੍ਰਦੇਸ਼ ਵਿੱਚ 2-2 ਡਕੈਤੀਆਂ ਕੀਤੀਆਂ ਹਨ। ਇਸ ਦੇ ਨਾਲ ਹੀ ਉਸ ਨੇ ਮਹਾਰਾਸ਼ਟਰ ਵਿੱਚ ਇੱਕ ਡਕੈਤੀ ਦੀ ਗੱਲ ਕਬੂਲੀ ਹੈ। ਇੰਨਾ ਹੀ ਨਹੀਂ ਮੁਲਜ਼ਮਾਂ ਨੇ ਬਦਮਾਸ਼ਾਂ ਨੂੰ ਪੈਸੇ ਦੇ ਕੇ ਮਹਾਰਾਸ਼ਟਰ ਅਤੇ ਐਮਪੀ ਵਿੱਚ 6 ਘਰਾਂ ਵਿੱਚ ਚੋਰੀਆਂ ਕੀਤੀਆਂ ਹਨ।
ਪੁਲਿਸ ਨੂੰ ਪਤਾ ਲੱਗਾ ਹੈ ਕਿ ਦੋਸ਼ੀ ਮੁਸਲਿਮ ਔਰਤ ਨਾਲ ਵਿਆਹ ਕਰਨਾ ਚਾਹੁੰਦਾ ਸੀ। ਇਸ ਲਈ ਉਸਨੇ ਆਪਣਾ ਨਾਂ ਅਰਹਾਨ ਰੱਖਿਆ ਹੈ। ਮੁਲਜ਼ਮ ਆਲੀਸ਼ਾਨ ਹੋਟਲਾਂ ਨੂੰ ਚੋਰੀ ਦੇ ਅੱਡੇ ਵਜੋਂ ਵਰਤਦਾ ਸੀ। ਉਹ ਫਲਾਈਟ ਰਾਹੀਂ ਸ਼ਹਿਰਾਂ ਨੂੰ ਜਾਂਦਾ ਸੀ।
ਦਿਨ ਵੇਲੇ ਉਹ ਕੈਬ ਬੁੱਕ ਕਰਵਾ ਕੇ ਸੁਸਾਇਟੀਆਂ ਵਿੱਚ ਘੁੰਮਦਾ ਰਹਿੰਦਾ ਸੀ ਅਤੇ ਰਾਤ ਨੂੰ ਚੋਰੀਆਂ ਕਰਨ ਤੋਂ ਬਾਅਦ ਮੁੰਬਈ ਦੇ ਡਾਂਸ ਬਾਰਾਂ ਵਿੱਚ ਜਾ ਕੇ ਪਾਰਟੀ ਕਰਦਾ ਸੀ। ਮੁਲਜ਼ਮ ਹਰ ਮਹੀਨੇ ਡੇਢ ਲੱਖ ਰੁਪਏ ਨਸ਼ਿਆਂ ਅਤੇ ਪਾਰਟੀਆਂ 'ਤੇ ਖਰਚ ਕਰਦਾ ਸੀ। ਮੁਲਜ਼ਮ ਕਈ ਨਸ਼ਾ ਤਸਕਰਾਂ ਦੇ ਸੰਪਰਕ ਵਿੱਚ ਵੀ ਸੀ।

# ਭਾਰੀ ਮੀਂਹ ਨੇ ਢਹਿ ਢੇਰੀ ਕੀਤਾ ਗਰੀਬ ਮਜ਼ਦੂਰ ਦਾ ਆਸ਼ੀਆਨਾ

## ☛ ਪਿੰਡ ਵਾਸੀਆਂ ਨੇ ਕੀਤੀ ਸਰਕਾਰ ਤੋਂ ਮੁਆਵਜ਼ੇ ਦੀ ਮੰਗ

ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ ) ਬੀਤੀ ਕੱਲ ਤੋਂ ਹੋ ਰਹੀ ਤੇਜ ਵਾਰਿਸ ਜਿੱਥੇ ਕਈਆਂ ਲਈ ਵਰਦਾਨ ਸਾਬਤ ਹੋ ਰਹੀ ਹੈ। ਉਥੇ ਇਹ ਵਾਰਿਸ ਗਰੀਬਾਂ ਲਈ ਕਹਿਰ ਬਣ ਕੇ ਬੋਹੜੀ ਹੈ । ਜਿਸ ਦੀ ਤਾਜਾ ਮਿਸਾਲ ਬਲਾਕ ਸ਼ੇਰਪੁਰ ਦੇ ਨੇੜਲੇ ਪਿੰਡ ਰਾਮਨਗਰ ਛੰਨਾ ਵਿਖੇ ਇੱਕ ਗਰੀਬ ਮਜ਼ਦੂਰ ਅਮਨਦੀਪ ਸਿੰਘ ਪੁੱਤਰ ਰਜਿੰਦਰ ਸਿੰਘ ਮਝਵੀ ਸਿੱਖ ਜੋ ਕੇ ਦਿਹਾੜੀ ਜੋਤਾ ਕਰਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਰਿਹਾ ਹੈ। ਜਿਸ ਦਾ ਬੀਤੀ ਰਾਤ ਤੋਂ ਹੋ ਰਹੀ ਵਾਰਸ ਕਾਰਨ ਖਸਤਾ ਹਾਲਤ ਮਕਾਨ ਦੇ ਕਮਰੇ ਦੀ ਛੱਤ ਡਿੱਗ ਗਈ। ਜਿਸ ਕਾਰਨ ਗਰੀਬ ਦਾ ਕਮਰੇ ਵਿੱਚ ਪਿਆ ਇੱਕ ਡਬਲ ਬੈਡ ,ਸਾਈਕਲ, ਪੱਖਾ, ਆਟੇ ਵਾਲਾ ਢੋਲ ਅਤੇ ਹੋਰ ਭਾਂਡੇ ਘਰੇਲੂ ਸਾਮਾਨ ਆਦਿ ਬੁਰੀ ਤਰ੍ਹਾ ਟੁੱਟ ਗਿਆ। ਇਸ ਮੌਕੇ ਦੁਖੀ ਮਨ ਨਾਲ ਗੱਲਬਾਤ ਕਰਦਿਆਂ ਪੀੜਤ ਅਮਨਦੀਪ ਸਿੰਘ ਨੇ ਦੱਸਿਆ ਕਿ ਮੈਂ ਅਤੇ ਮੇਰੇ ਘਰ ਵਾਲੀ ਦਿਹਾੜੀ ਗਏ ਹੋਏ ਸੀ ਅਤੇ ਬੱਚੇ ਸਕੂਲ ਗਏ ਹੋਏ ਸਨ। ਜਿਸ ਕਰਕੇ ਕੋਈ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਉਹਨਾਂ ਦੱਸਿਆ ਕਿ ਡਿੱਗੇ ਮਕਾਨ ਸਬੰਧੀ ਸਾਨੂੰ ਆਸ ਗੁਆਂਢ ਵੱਲੋਂ ਹੀ ਜਾਣਕਾਰੀ ਦਿੱਤੀ ਗਈ ਅਤੇ ਛੱਤ ਦੇ ਮਲਬੇ ਹੇਠ ਦੱਬਿਆ ਹੋਇਆ ਸਮਾਨ ਕੱਢਿਆ ਗਿਆ । ਇਸ ਮੌਕੇ ਪੀੜਿਤ ਪਰਿਵਾਰ ਤੋਂ ਇਲਾਵਾ ਸਾਬਕਾ ਸਰਪੰਚ ਗਰੀਬ ਸਿੰਘ ਪੰਚ ਕੇਵਲ ਸਿੰਘ, ਪੰਚ ਗੁਰਦੀਪ ਸਿੰਘ ਢੀਡਸਾ, ਕਰਮਜੀਤ ਸਿੰਘ, ਜਸਵੀਰ ਸਿੰਘ, ਜਗਤਾਰ ਸਿੰਘ, ਗੁਰਮੇਲ ਸਿੰਘ ਕਾਲੂ ਅਤੇ ਪਿੰਡ ਵਾਸੀਆਂ ਨੇ ਡਿਪਟੀ ਕਮਿਸ਼ਨਰ ਸੰਗਰੂਰ ਅਤੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਗਰੀਬ ਮਜ਼ਦੂਰ ਦੀ ਆਰਥਿਕ ਮੱਦਦ ਕੀਤੀ ਜਾਵੇ ਅਤੇ ਉਸਦਾ ਮਕਾਨ ਬਣਵਾ ਕੇ ਦਿੱਤਾ ਜਾਵੇ।




# ਮੌਨਸੂਨ ਰੁੱਤ ਬੂਟੇ ਲਾਉਣ ਲਈ ਢੁਕਵਾਂ ਸਮਾਂ : ਸੁਦਰਸ਼ਨ ਗਰਗ




ਬਰਨਾਲਾ ( ਸੁਖਵਿੰਦਰ ਸਿੰਘ ਭੰਡਾਰੀ) ਦਿਨੋਂ-ਦਿਨ ਵਧ ਰਹੀ ਗਰਮੀ ਅਤੇ ਆਲਮੀ ਤਪਸ਼ ਤੋਂ ਬਚਣ ਲਈ ਬੂਟੇ ਲਗਾਓ ਅਤੇ ਪਾਣੀ ਬਚਾਉ ਮੁਹਿੰਮ ਚਲਾਉਣੀ ਪਵੇਗੀ। ਬੂਟੇ ਲਗਾ ਕੇ ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਕੇ ਹੀ ਅਸੀ ਧਰਤੀ ਨੂੰ ਗਲੋਬਲ ਵਾਰਮਿੰਗ ਤੋਂ ਬਚਾ ਸਕਦੇ ਹਾਂ। ਇਹ ਵਿਚਾਰ ਉੱਘੇ ਸਮਾਜ ਸੇਵੀ ਅਤੇ ਆੜਤੀਆ ਐਸੋਸੀਏਸ਼ਨ ਦੇ ਜ਼ਿਲ੍ਹਾ ਬਰਨਾਲਾ ਦੇ ਮੀਤ ਪ੍ਰਧਾਨ ਸੁਦਰਸ਼ਨ ਗਰਗ ਨੇ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਮਨੁੱਖਾਂ ਵੱਲੋਂ ਕੀਤੇ ਜਾ ਰਹੇ ਰੁੱਖਾਂ ਦੀ ਕਟਾਈ ਵਰਗੀਆਂ ਆਪਣੀਆਂ ਗਲਤੀਆਂ ਕਾਰਨ ਵਾਤਾਵਰਣ , ਪਾਣੀ ਤੇ ਹੋਰ ਕੁਦਰਤੀ ਸੋਮੇ ਦਿਨੋਂ-ਦਿਨ ਪਲੀਤ ਹੁੰਦੇ ਜਾ ਰਹੇ ਹਨ।

ਵਾਤਾਵਰਣ ਦੇ ਪ੍ਰਦੂਸ਼ਣ ਨਾਲ ਜਿਥੇ ਮਨੁੱਖੀ ਜੀਵਨ ਤੇ ਗਹਿਰਾ ਅਸਰ ਪੈ ਰਿਹਾ ਹੈ ਉਥੇ ਧਰਤੀ ਤੇ ਰਹਿ ਰਹੇ ਬਹੁਤ ਸਾਰੇ ਪੰਛੀ ਤੇ ਪ੍ਰਾਣੀ ਜਗਤ ਦੀਆਂ ਸੈਂਕੜੇ ਪ੍ਰਜਾਤੀਆਂ ਅਲੋਪ ਹੋ ਚੁੱਕੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਕਿਸਾਨਾਂ ਵੱਲੋਂ ਆਪਣੀ ਫ਼ਸਲ ਦੀ ਰਹਿੰਦ- ਖੂੰਹਦ ਨੂੰ ਅੱਗ ਲਗਾਉਣ ਨਾਲ ਜਿਥੇ ਵਾਹੀਯੋਗ ਜ਼ਮੀਨ ਦੇ ਪੋਸ਼ਟਿਕ ਤੱਤ ਖਤਮ ਹੋ ਰਹੇ ਹਨ। ਉਥੇ ਖੇਤਾਂ ਕਿਨਾਰੇ ਲੱਗੇ ਦਰਖੱਤ ਵੀ ਝੁਲਸ ਕੇ ਸੁੱਕ ਜਾਂਦੇ ਹਨ । ਉਨ੍ਹਾਂ ਕਿਹਾ ਕਿ ਮੌਨਸੂਨ ਰੁੱਤ (ਮੀਂਹ ਦਾ ਮੌਸਮ) ਬੂਟੇ ਲਾਉਣ ਲਈ ਢੁਕਵਾਂ ਅਤੇ ਉਚਿਤ ਸਮਾਂ ਹੈ। ਇਸ ਲਈ ਹਰ ਵਿਅਕਤੀ ਘੱਟੋ ਘੱਟ 5-5 ਬੂਟੇ ਜ਼ਰੂਰ ਲਾਵੇ ਤਾਂ ਜੋ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਿਆ ਜਾ ਸਕੇ।

# ਨਸ਼ਾ ਛੁਡਾਊ ਕਮੇਟੀ ਸ਼ੇਰਪੁਰ ਵੱਲੋਂ ਸਰਬੱਤ ਦੇ ਭਲੇ ਲਈ ਜਾਪ ਕਰਵਾਏ

ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ ) ਸਥਾਨਕ ਕਸਬੇ ਅਤੇ ਇਸ ਦੇ ਨਾਲ ਲਗਲੇ ਇਲਾਕੇ ਵਿੱਚ ਚੱਲ ਰਹੀ ਨਸ਼ਿਆਂ ਦੀ ਹਨੇਰੀ ਨੂੰ ਠੱਲ ਪਾਉਣ ਅਤੇ ਨਸ਼ਿਆਂ ਦੀ ਦਲਦਲ ਵਿੱਚ ਫਸਕੇ ਦਿਨੋ ਦਿਨ ਖਤਮ ਹੁੰਦੀ ਜਾ ਰਹੀ ਨੌਜਵਾਨ ਪੀੜੀ ਨੂੰ ਬਚਾਉਣ ਦਾ ਉਪਰਾਲਾ ਕਰਕੇ ਸ਼ੇਰਪੁਰ ਅਤੇ ਖੇੜੀ ਚਹਿਲਾ ਦੇ ਨੌਜਵਾਨਾਂ ਵੱਲੋਂ ਬਣਾਈ ਨਸ਼ਾ ਰੋਕੂ ਕਮੇਟੀ ਸ਼ੇਰਪੁਰ ਜਿਸ ਨੇ ਸ਼ੇਰਪੁਰ ਤੋਂ ਬਰਨਾਲਾ ਰੋਡ ਤੇ ਇੱਕ ਬਸਤੀ ਦੇ ਨਜ਼ਦੀਕ ਨਸ਼ੇ ਨੂੰ ਠੱਲ ਪਾਉਣ ਲਈ ਦਿਨ ਰਾਤ ਦਾ ਠੀਕਰੀ ਪਹਿਰਾ ਦਿੱਤਾ ਹੋਇਆ ਹੈ ਤਾਂ ਕਿ ਨਸ਼ਾ ਵੇਚਣ ਅਤੇ ਖਾਣ ਵਾਲਿਆਂ ਦੇ ਬਾਜ ਅੱਖ ਰੱਖ ਕੇ ਨਸ਼ੇ ਦੇ ਇਸ ਕੋੜ ਨੂੰ ਖਤਮ ਕੀਤਾ ਜਾ ਸਕੇ । ਅੱਜ ਇਹਨਾਂ ਨੌਜਵਾਨਾਂ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਨਸਾ ਰੋਕੂ ਕਮੇਟੀ ਦੀ ਚੜ੍ਹਦੀ ਕਲਾ ਸਰਬੱਤ ਦੇ ਭਲੇ, ਨਸ਼ੇ ਦੀ ਦਲ ਦਲ ਵਿੱਚ ਫਸੇ ਨੌਜਵਾਨਾਂ ਨੂੰ ਬਾਹਰ ਕੱਢਣ ਲਈ ਅਤੇ ਨਸ਼ਾ ਵੇਚਣ ਵਾਲਿਆਂ ਨੂੰ ਸਿੱਧੇ ਰਾਹੇ ਪਾਉਣ ਲਈ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕਰਵਾਏ ਗਏ। ਇਸ ਮੌਕੇ ਬੋਲਦਿਆ ਕਮੇਟੀ ਦੇ ਪ੍ਰਧਾਨ ਬਲਵਿੰਦਰ ਸਿੰਘ ਬਿੰਦਾ ਖੇੜੀ ਗੋਪੀ ਗਰੇਵਾਲ ਨੇ ਕਿਹਾ ਕਿ ਤਕਰੀਬਨ ਇਕ ਸਾਲ ਦਾ ਸਮਾਂ ਹੋ ਗਿਆ ਹੈ ਠੀਕਰੀ ਪਹਿਰਾ ਲਗਾਏ ਨੂੰ ਜਿਸ ਦੇ ਬਹੁਤ ਹੀ ਚੰਗੇ ਨਤੀਜੇ ਸਾਹਮਣੇ ਆਏ ਹਨ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਨਸੇ ਨੂੰ ਵੱਡੀ ਪੱਧਰ ਤੇ ਠੱਲ ਪਈ ਹੈ ਇਸ ਤੋਂ ਇਲਾਵਾ ਕਮੇਟੀ ਦੇ ਹਿੰਮਤੀ ਨੌਜਵਾਨਾਂ ਵੱਲੋਂ ਹਰ ਆਫਤ ਦੀ ਘੜੀ ਵਿੱਚ ਮੋਹਰੀ ਰੋਲ ਨਿਭਾਇਆ ਹੈ ਜੋ ਅੱਗੇ ਤੋਂ ਵੀ ਇਸੇ ਤਰ੍ਹਾਂ ਹੀ ਆਪਣੇ ਪਹਿਰੇ ਤੇ ਡਟੇ ਰਹਿਣਗੇ। ਅਖੀਰ ਵਿੱਚ ਗੁਰਦੁਆਰਾ ਅਕਾਲ ਪ੍ਰਕਾਸ਼ ਸਾਹਿਬ ਸਾਹਿਬ ਦੇ ਹੈਡ ਗ੍ਰੰਥੀ ਭਾਈ ਹਰਬੰਸ ਸਿੰਘ ਜੀ ਖੇੜੀ ਵਾਲਿਆਂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਾਈ ਬਲਵਿੰਦਰ ਸਿੰਘ ਬਿੰਦਾ ਅਤੇ ਉਹਨਾਂ ਦੇ ਸਾਥੀਆਂ ਦੀ ਅਗਵਾਈ ਵਿੱਚ ਚੱਲ ਰਹੀ ਨਸ਼ਾ ਰੋਕੂ ਕਮੇਟੀ ਦਾ ਇਹ ਬਹੁਤ ਉਦਮ ਤੇ ਵੱਡਾ ਉਪਰਾਲਾ ਹੈ ਜੋ ਨਸ਼ੇ ਦੇ ਨਾਲ ਨਾਲ ਸ਼ੇਰਪੁਰ ਅਤੇ ਇਸ ਦੇ ਨਾਲ ਲੱਗਦੇ ਇਲਾਕੇ ਵਿੱਚ ਵਾਪਰ ਰਹੀਆਂ ਅੱਗਜਣੀ ਜਾਂ ਹੋਰ ਅਣਸੁਖਾਵੀਆਂ ਘਟਨਾਵਾਂ ਨੂੰ ਠੱਲ ਪਾਉਣ ਲਈ ਇਹ ਨੌਜਵਾਨ ਪਹਿਲ ਦੇ ਅਧਾਰ ਤੇ ਪਹੁੰਚਦੇ ਹਨ ।ਪਿਛਲੇ ਦਿਨੀ ਵੀ ਆਈ ਤੇਜ ਤੇ ਮੀਹ ਹਨੇਰੀ ਕਾਰਨ ਜੋ ਦਰਖਤ ਰੋੜਾਂ ਤੇ ਡਿੱਗ ਪਏ ਸਨ ਜਿਨਾਂ ਕਾਰਨ ਸੜਕੀ ਹਾਦਸੇ ਵਾਪਰ ਸਕਦੇ ਸਨ । ਇਹਨਾਂ ਨੌਜਵਾਨਾਂ ਵੱਲੋਂ ਆਪਣੇ ਸਾਧਨਾਂ ਰਾਹੀਂ ਉਹਨਾਂ ਨੂੰ ਸਾਈਡ ਤੇ ਕਰਕੇ ਰਸਤਾ ਖੋਲਿਆ ਗਿਆ ਜਿਸ ਦੀ ਜਿੰਨੀ ਵੀ ਸਲਾਂਘਾ ਕੀਤੀ ਜਾਵੇ ਥੋੜੀ ਹੈ । ਸੋ ਸਾਡਾ ਵੀ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਇਸ ਕਮੇਟੀ ਦਾ ਵੱਧ ਤੋਂ ਵੱਧ ਸਾਥ ਦਈਏ ਇਸ ਮੌਕੇ ਡਾਕਟਰ ਕਰਨਵੀਰ, ਬਹਾਦਰ ਸਿੰਘ ਗਰੇਵਾਲ ,ਹਾਕਮ ਸਿੰਘ ਚੌਧਰੀ, ਮਾਸਟਰ ਚਰਨ ਸਿੰਘ ਜਵੰਦਾ, ਪ੍ਰਧਾਨ ਚਰਨਜੀਤ ਸਿੰਘ ,ਸਰਪੰਚ ਭੋਲਾ ਸਿੰਘ ,ਦਲਵੀਰ ਸਿੰਘ ਗਰੇਵਾਲ,ਸਮੂਹ ਨਸ਼ਾ ਰੋਕੋ ਕਮੇਟੀ ਦੇ ਅਹੁਦੇਦਾਰ ਮੈਂਬਰ ਨਗਰ ਨਿਵਾਸੀ ਇਲਾਕੇ ਦੇ ਪੰਚਾਂ ਸਰਪੰਚਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।



www.lokbani.com
lokbani08@gmail.com

## ਯਾਦਗਾਰੀ ਹੋ ਨਿੱਬੜਿਆ ' ਨੇੜਿਓਂ ਤੱਕਿਆ ਸੁਖਦੇਵ ਬੜੀ : ਪੁਸਤਕ ਲੋਕ ਅਰਪਣ

# ਸੁਖਦੇਵ ਔਲਖ ਅਤੇ ਡਾ ਸੁਖਜਿੰਦਰ ਰਿਸ਼ੀ ਦਾ ਹੋਇਆ ਵਿਸ਼ੇਸ ਸਨਮਾਨ



ਸ਼ੇਰਪੁਰ, ( ਸੱਤਪਾਲ ਸਿੰਘ ਕਾਲਾਬੂਲਾ) – ਸਾਹਿਤ ਸਭਾ ਸ਼ੇਰਪੁਰ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਰਜਿ . ਦੇ ਸਹਿਯੋਗ ਨਾਲ ਲੋਕ ਘੋਲਾਂ ਦੇ ਸਿਰਕੱਢ ਆਗੂ ਸੰਘਰਸ਼ੀ ਯੋਧੇ ਸੁਖਦੇਵ ਬੜੀ ਦੇ ਜੀਵਨ ਨਾਲ ਸੰਬੰਧਿਤ ਸਰਬਾਂਗੀ ਲੇਖਕ ਸੁਖਦੇਵ ਸਿੰਘ ਔਲਖ ਅਤੇ ਡਾਕਟਰ ਸੁਖਜਿੰਦਰ ਰਿਸ਼ੀ ਦੁਆਰਾ ਸੰਪਾਦਿਤ ਪੁਸਤਕ ' ਨੇੜਿਓਂ ਤੱਕਿਆ ਸੁਖਦੇਵ ਬੜੀ ' ਜਿਸ ਵਿੱਚ ਸਾਥੀ ਬੜੀ ਦੇ ਨੇੜਲੇ ਲੋਕਾਂ ਵਿੱਚੋਂ 29 ਸਾਥੀਆਂ ਦੇ ਲੇਖ ਸ਼ਾਮਿਲ ਹਨ ਨੂੰ ਮਹਾਰਾਜਾ ਪੈਲਸ ਕਾਤਰੋਂ ਰੋਡ ਸ਼ੇਰਪੁਰ ਵਿਖੇ ਸਾਹਿਤਕ ਸਮਾਗਮ ਦੌਰਾਨ ਲੋਕ ਅਰਪਣ ਕੀਤਾ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਜਨਰਲ ਸਕੱਤਰ ਪਵਨ ਹਰਚੰਦਪੁਰੀ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਡਾਕਟਰ ਭਗਵੰਤ ਸਿੰਘ ਸੰਪਾਦਕ ਇੰਟਰਨੈਸ਼ਨਲ ਜਾਗੋ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਪੁਸਤਕ ਜਾਣ ਪਹਿਚਾਣ ਡਾਕਟਰ ਤੇਜਾ ਸਿੰਘ ਤਿਲਕ ਅਤੇ ਪ੍ਰੋਫੈਸਰ ਸੁਰਿੰਦਰ ਪਾਲ ਕੌਰ ਵੱਲੋਂ ਕਰਵਾਈ ਗਈ। ਉਪਰੋਕਤ ਲੇਖਕਾਂ ਨੇ ਕਿਹਾ ਕਿ ਇਹ ਦੋਵਾਂ ਸੰਪਾਦਕ ਸਾਥੀਆਂ ਦਾ ਇੱਕ ਵਡਮੁੱਲਾ ਕਾਰਜ ਹੈ ਜਿਸ ਲਈ ਉਹ ਵਧਾਈ ਦੇ ਪਾਤਰ ਹਨ ਇਸ ਉਪਰਾਲੇ ਲਈ ਦੋਵਾਂ ਨੂੰ ਇੱਕ ਯਾਦਗਾਰੀ ਚਿੰਨ੍ਹ ਅਤੇ ਲੋਈ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਸਾਥੀ ਸੁਖਦੇਵ ਬੜੀ ਇੱਕ ਸਮੁੰਦਰ ਹੈ ਜਿਸ ਵਿੱਚੋਂ ਹਾਲੇ ਇਕ ਲੋਟਾ ਹੀ ਭਰਿਆ ਗਿਆ ਉਹਨਾਂ ਬਾਰੇ ਹਾਲੇ ਬਹੁਤ ਕੁਝ ਲਿਖਿਆ ਜਾਵੇਗਾ ਅਤੇ ਲਿਖਣਾ ਬਾਕੀ ਹੈ। ਸਾਥੀ ਸੁਖਦੇਵ ਬੜੀ ਦੇ ਸੰਘਰਸ਼ਸ਼ੀ ਜੀਵਨ ਅਤੇ ਸਾਦਗੀ ਬਾਰੇ ਤੇਜਾ ਸਿੰਘ ਤਿਲਕ , ਪ੍ਰਿੰਸੀਪਲ ਸੁਖਜੀਤ ਕੌਰ ਸੋਹੀ , ਸੁਖਦੇਵ ਸਿੰਘ ਦਿਓਸੀ , ਗੁਰਨਾਮ ਸਿੰਘ ਸਿੰਘ ਸਟੂਡੀਓ , ਅਨੋਖ ਸਿੰਘ ਵਿਰਕ , ਮਾਸਟਰ ਮਹਿੰਦਰ ਪ੍ਰਤਾਪ, ਪ੍ਰਗਟ ਪ੍ਰੀਤ ਸ਼ੇਰਪੁਰ ਨੇ ਆਪਣੇ ਵਿਚਾਰ ਪੇਸ਼ ਕੀਤੇ। ਸਮਾਗਮ ਦੌਰਾਨ ਬੀਤੇ ਦਿਨੀ ਸਦੀਵੀ ਵਿਛੋੜਾ ਦੇ ਗਏ ਸਾਹਿਤ ਸਭਾ ਸ਼ੇਰਪੁਰ ਦੇ ਪ੍ਰਧਾਨ ਉੱਘੇ ਕਿੱਸਾਕਾਰ ਸ਼ੇਰ ਸਿੰਘ ਸ਼ੇਰਪੁਰੀ ਨੂੰ ਸਮਰਪਿਤ ਕਵੀ ਦਰਬਾਰ ਵੀ ਕਰਵਾਇਆ ਗਿਆ ਜਿਸ ਵਿੱਚ ਗੁਲਜ਼ਾਰ ਸਿੰਘ ਸ਼ੌਕੀ, ਰਣਜੀਤ ਆਜ਼ਾਦ ਕਾਂਝਲਾਂ, ਹਰਜੀਤ ਸਿੰਘ ਕਾਤਿਲ, ਬਲਵੰਤ ਕੌਰ ਘਨੌਰੀ , ਰਾਮ ਸਰੂਪ ਸ਼ਰਮਾ, ਕੇਸਰ ਸਿੰਘ ਗਰੇਵਾਲ, ਰਕੇਸ਼ ਪ੍ਰੀਤ ਰਿਸ਼ੀ , ਭੋਲਾ ਸਿੰਘ ਟਿੱਬਾ, ਨਾਹਰ ਸਿੰਘ ਮੁਬਾਰਕਪੁਰੀ , ਨਿਰਮਲ ਸਿੰਘ ਫਲੌਂਡ , ਪਿਆਰਾ ਸਿੰਘ ਗੁੰਮਟੀ , ਸੁਰਿੰਦਰ ਸ਼ਰਮਾ ਨਾਗਰਾ, ਕਰਨਜੀਤ ਸਿੰਘ , ਸੁਖਦੇਵ ਸਿੰਘ, ਮੇਘਰਾਜ ਜੋਸੀ , ਲਖਵਿੰਦਰ ਸਿੰਘ ਠੀਕਰੀਵਾਲ , ਬਲਜੀਤ ਸਿੰਘ ਠੀਕਰੀਵਾਲ , ਡਾਕਟਰ ਦਰਸ਼ਨ ਸਿੰਘ ਠੀਕਰੀਵਾਲ, ਸੁਰਜੀਤ ਸਿੰਘ ਦਿਹੜ ਪ੍ਰਧਾਨ ਸਿਰਜਣਾ ਕੇਂਦਰ ਠੀਕਰੀਵਾਲ , ਬਲਦੇਵ ਸਿੰਘ ਘਨੌਰੀ, ਮਾਸਟਰ ਕੁਲਵੰਤ ਸਿੰਘ ਬੁੰਗਾ ਮਲੇਰਕੋਟਲਾ , ਹਰਜੀਤ ਸਿੰਘ ਖੇੜੀ , ਅਮਰਜੀਤ ਸਿੰਘ ਅਮਨ ਧੂਰੀ , ਗਿਆਨ ਸਿੰਘ , ਅਮਰਿੰਦਰ ਟਿੱਬਾ, ਮੁਖਤਿਆਰ ਵੜੈਚ ਅਲਾਲ, ਨਿਰਭੈ ਸ਼ੇਰਪੁਰ , ਕਰਨਇੰਦਰ ਸਿੰਘ ਔਲਖ , ਕੇਸਰ ਸਿੰਘ ਗਰੇਵਾਲ , ਭੂਸ਼ਣ ਕੁਮਾਰ ਰਿਸ਼ੀ ਭਗਵਾਨਪੁਰਾ , ਕਰਮਿੰਦਰ ਸਿੰਘ ਲਾਲੀ ਹੇੜੀਕੇ , ਬਲਜਿੰਦਰ ਪਾਲ ਕੌਰ , ਕੁਲਵਿੰਦਰ ਕੌਰ ਤੋਂ ਇਲਾਵਾ ਹੋਰ ਵੀ ਸਾਹਿਤਕਾਰਾਂ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਡਾ ਰਣਜੀਤ ਸਿੰਘ ਕਾਲਾਬੂਲਾ ਨੇ ਸਟੇਜ ਦੀ ਭੂਮਿਕਾ ਬਾਖ਼ੂਬੀ ਨਿਭਾਈ।

# ਐਸ.ਬੀ.ਪੀ.ਕੰਪਨੀ ਵਲੋਂ ਨਵਾਂ ਹਾਊਸਿੰਗ ਪ੍ਰੋਜੈਕਟ ਲਾਂਚ ਕੀਤਾ




ਖਰੜ ( ਕਾਲਾ ਸਿੰਘ ਸੈਣੀ ):–ਹਾਊਸਿੰਗ ਕੰਪਨੀ ਐਸ.ਬੀ.ਪੀ. ਗਰੁੱਪ ਨੇ ਆਪਣੇ ਚੈਨਲ ਭਾਈਵਾਲਾਂ ਅਤੇ ਨਿਵੇਸ਼ਕਾਂ ਲਈ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ। ਇਸ ਇਵੈਂਟ ਵਿੱਚ, ਕੰਪਨੀ ਨੇ ਅਧਿਕਾਰਤ ਤੌਰ 'ਤੇ ਆਪਣਾ ਪ੍ਰੋਜੈਕਟ ਮੋਟੇਫਿਓਰ ਲਾਂਚ ਕੀਤਾ, ਜੋ ਕਿ ਇੱਕ ਅਤਿ–ਲਗਜ਼ਰੀ ਪ੍ਰੋਜੈਕਟ ਹੈ ਅਤੇ ਹਾਈ ਗਰਾਊਂਡ ਰੋਡ, ਜ਼ੀਰਕਪੁਰ 'ਤੇ ਆ ਰਿਹਾ ਹੈ। ਇਸ ਪ੍ਰੋਜੈਕਟ ਨੂੰ ਰੇਰਾ ਨੰਬਰ ਵੀ ਮਿਲਿਆ ਹੈ। ਕੰਪਨੀ ਦਾ ਇੱਕ ਨਵਾਂ ਅਤੇ ਅੱਪਗਰੇਡ ਕੀਤਾ ਸੰਸਕਰਣ ਹੈ ਜੋ ਹੁਣ ਵਪਾਰਕ, ਉਦਯੋਗਿਕ ਅਤੇ ਪਰਾਹੁਣਚਾਰੀ ਖੇਤਰਾਂ ਵਿੱਚ ਫੈਲ ਰਿਹਾ ਹੈ। ਇਸ ਸਮਾਗਮ ਵਿੱਚ 700 ਤੋਂ ਵੱਧ ਲੋਕਾਂ ਨੇ ਸ਼ਿਰਕਤ ਕੀਤੀ, ਜਿਸ ਵਿੱਚ ਚੋਟੀ ਦੇ ਪ੍ਰਬੰਧਕ ਅਮਨ ਸਿੰਗਲ (ਸੰਸਥਾਪਕ ਅਤੇ ਸੀਐਮਡੀ), ਸਾਹਿਲ ਬਾਂਸਲ (ਡਾਇਰੈਕਟਰ), ਰੰਜਨ ਤਰਫਦਾਰ (ਸੀਓਓ), ਵਿਭਾਗ ਮੁਖੀ, ਪ੍ਰੋਜੈਕਟ ਮੁਖੀ, ਚੈਨਲ ਪਾਰਟਨਰ ਅਤੇ ਸੇਲਜ਼ ਲੋਕ ਸ਼ਾਮਲ ਸਨ। ਕੰਪਨੀ ਦੇ ਸੰਸਥਾਪਕ ਅਤੇ ਸੀਐਮਡੀ ਅਮਨ ਸਿੰਗਲਾ ਨੇ ਕਿਹਾ ਕਿ ਇਸ ਪ੍ਰੋਜੈਕਟ 'ਤੇ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਵੀ ਵਧਾਈ ਦਿੱਤੀ, ਜੋ ਕਿ ਇੱਕ ਲਾਈਵ ਬੈਂਡ ਪ੍ਰਦਰਸ਼ਨ ਦੇ ਨਾਲ ਸਮਾਪਤ ਹੋਇਆ ਅਤੇ ਸਾਰਿਆਂ ਨੇ ਬਹੁਤ ਵਧੀਆ ਸਮਾਂ ਲਿਆ। ਕੰਪਨੀ ਨੇ ਪਿਛਲੇ 16 ਸਾਲਾਂ ਵਿੱਚ 28 ਤੋਂ ਵੱਧ ਸਫਲ ਪ੍ਰੋਜੈਕਟਾਂ ਦੇ ਨਾਲ 12000 ਹਜ਼ਾਰ ਤੋਂ ਵੱਧ ਘਰਾਂ ਦੀ ਡਿਲੀਵਰੀ ਕੀਤੀ ਹੈ ਅਤੇ ਆਉਣ ਵਾਲੇ 14 ਸਾਲਾਂਵਿੱਚ ਭਾਵ 2038 ਤੱਕ 1 ਲੱਖ ਚਾਬੀਆਂ ਪ੍ਰਦਾਨ ਕਰਨ ਦਾ ਟੀਚਾ ਹੈ।

# ਜੱਜ ਗੁਰਬੀਰ ਸਿੰਘ ਨੇ ਸਰਸਵਤੀ ਗਰੁੱਪ ਆਫ ਕਾਲਜ ਘੜੂੰਆਂ ਵਿਖੇ ਲਗਾਏ ਪੌਦੇ



ਖਰੜ, (ਕਾਲਾ ਸਿੰਘ ਸੈਣੀ)–ਵਾਤਾਵਰਨ ਦੀ ਸੁੱਧਤਾ ਪੌਦੇ ਲਗਾਉਣੇ ਅਤੇ ਉਨਾਂ ਦੀ ਸਾਂਭ ਸੰਭਾਲ ਲਈ ਨਜ਼ਦੀਕੀ ਪਿੰਡ ਘੜੂੰਆਂ ਦੇ ਸਰਸਵਤੀ ਗਰੁੱਖ ਆਫ ਕਾਲਜ ਘੜੂੰਆਂ ਵਿਖੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਮਾਨਯੋਗ ਜੱਜ ਗੁਰਬੀਰ ਸਿੰਘ ਵਲੋਂ ਕਾਲਜ ਕੈਂਪਸ ਵਿੱਚ ਫਲਦਾਰ,ਛਾਂਦਾਰ ਅਤੇ ਆਯੂਰਵੈਦਿਕ ਪੌਦੇ ਲਗਾਕੇ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਉਨਾਂ ਕਿਹਾ ਕਿ ਵਾਤਾਵਰਨ ਦੀ ਸੁੱਧਤਾ ਦੇ ਲਈ ਸਾਨੂੰ ਸਾਰਿਆਂ ਨੂੰ ਆਪ ਜਿੰਮੇਵਾਰ ਹੋਣਾ ਪਵੇਗਾ ਅਤੇ ਵੱਧ ਤੋਂ ਵੱਧ ਪੌਦੇ ਲਗਾਕੇ ਉਨਾਂ ਦੀ ਸਾਂਭ ਸੰਭਾਲ ਵੀ ਕਰਨੀ ਸਾਡਾ ਮੁੱਢਲਾ ਫਰਜ ਹੈ। ਇਸ ਮੌਕੇ ਸਰਸਵਤੀ ਗਰੁੱਪ ਆਫ ਕਾਲਜ ਦੇ ਚੇਅਰਮੈਨ ਬੀ.ਐਲ. ਅਗਰਵਾਲ ਨੇ ਕਿਹਾ ਕਿ ਰੁੱਖ,ਮਨੁੱਖ ਅਤੇ ਪੰਛੀ ਇੱਕ ਦੂਸਰੇ ਦੇ ਮਿੱਤਰ ਹਨ। ਰੁੱਖ ਸਾਡਾ ਜੀਵਨ ਹਨ। ਸਾਨੂੰ ਅਜੋਕੀ ਪੀੜੀ ਨੂੰ ਪੌਦੇ ਲਗਾਉਣ ਲਈ ਜਾਗਰੂਕ ਕਰਨਾ ਚਾਹੀਦਾ ਹੈ। ਇਸ ਮੌਕੇ ਡਾਇਰੈਕਟਰ ਅਕੈਡਮਿਕ ਲੀਜਾ ਅਗਰਵਾਲ,ਡਾਇਰੈਕਟਰ ਐਡਮਿਨ ਵਿਸ਼ਾਲ,ਪ੍ਰਿੰਸੀਪਲ ਡਾ.ਵਿਰਾਜ ਵਿਲਾਸ ਯਾਦਵ,ਡਾ.ਨਿਤਿਨ ਜਨੇਜਾ ਸਮੇਤ ਹੋਰ ਸਟਾਫ ਹਾਜਰ ਸੀ।

# ਸ੍ਰੀ ਅਨੰਦਪੁਰ ਸਾਹਿਬ - ਨੈਣਾ ਦੇਵੀ ਮਾਰਗ ਤੇ ਵਾਪਰੇ ਸੜਕ ਹਾਦਸੇ ਚ ਦੋ ਦੀ ਮੌਤ

## ਮਰਨ ਵਾਲਿਆਂ ਚ ਸਾਢੇ ਤਿੰਨ ਸਾਲ ਦਾ ਬੱਚਾ ਵੀ ਸ਼ਾਮਿਲ

ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਬੀਤੀ ਰਾਤ ਸ੍ਰੀ ਆਨੰਦਪੁਰ ਸਾਹਿਬ - ਨੈਣਾ ਦੇਵੀ ਮੁੱਖ ਮਾਰਗ ਤੇ ਸੀਐਮ ਆਟੋਜ ਦੇ ਨਜ਼ਦੀਕ ਇੱਕ ਕਾਰ ਅਤੇ ਮੋਟਰਸਾਈਕਲ ਵਿਚਕਾਰ ਹੋਈ ਟੱਕਰ ਵਿਚ ਦੋ ਵਿਅਕਤੀਆਂ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਥਾਣਾ ਸ੍ਰੀ ਆਨੰਦਪੁਰ ਸਾਹਿਬ ਦੇ ਐਸ. ਐਚ. ਓ ਦਾਨਿਸ਼ਵੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਹਾਦਸੇ ਚ ਦੋ ਵਿਅਕਤੀਆਂ ਦੀ ਮੌਤ ਹੋਈ ਜਿਨਾਂ ਵਿੱਚ ਇੱਕ ਸਾਢੇ ਤਿੰਨ ਸਾਲ ਦਾ ਬੱਚਾ ਵੀ ਸ਼ਾਮਿਲ ਹੈ। ਉਨ੍ਹਾ ਦੱਸਿਆ ਕਿ ਰੇਖਾ ਦੇਵੀ ਪਤਨੀ ਗੁਰਪਾਲ ਸਿੰਘ ਪਿੰਡ ਨੀਲਾ, ਪੋਸਟ ਆਫਿਸ ਬਿਲਾਸਪੁਰ ਹਿਮਾਚਲ ਪ੍ਰਦੇਸ਼ ਦੇ ਬਿਆਨਾਂ ਦੇ ਆਧਾਰ ਤੇ ਇਸ ਹਾਦਸੇ ਲਈ ਕਥਿਤ ਦੋਸ਼ੀ ਕਾਰ ਨੰਬਰ ਐਚਪੀ 20 ਈ 8211 ਦੇ ਡਰਾਈਵਰ ਦੇ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ। ਉਹਨਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਹਾਦਸੇ ਵਿੱਚ ਨੀਲਾ ਨਿਵਾਸੀ ਰੇਖਾ ਦੇਵੀ ਦੇ ਸਾਢੇ ਤਿੰਨ ਸਾਲਾਂ ਪੁੱਤਰ ਕਰਨਜੋਤ ਸਿਘ ਦੀ ਮੌਕੇ ਤੇ ਮੌਤ ਹੋ ਗਈ ਜਦ ਕੇ ਉਸਦੇ ਪਤੀ ਗੁਰਪਾਲ ਸਿੰਘ ਦੇ ਗੰਭੀਰ ਸੱਟਾਂ ਹੋਣ ਦੇ ਚਲਦਿਆਂ ਉਸ ਨੂੰ ਪੀਜੀਆਈ ਰੈਫਰ ਕੀਤਾ ਗਿਆ ਪ੍ਰੰਤੂ ਉੱਥੇ ਉਸ ਦੀ ਮੌਤ ਹੋ ਗਈ।




# ਮੁਫ਼ਤ ਪ੍ਰਦੂਸ਼ਣ ਚੈਕਅੱਪ ਕੈਂਪ ਅਤੇ ਬੂਟਿਆਂ ਦਾ ਲੰਗਰ 14 ਜੁਲਾਈ 2024 ਦਿਨ ਐਤਵਾਰ ਜੋੜੇ ਪੈਟਰੋਲ ਪੰਪ ਵਿਖੇ




President Ashok Kumar Garg (KB Gas Wale) | Secretary Yashpal Garg | Cashier Bhog Raj Garg | Vice President R.P Singh | PRO Jatinder Goyal

Joint Secretary N.S Jandu | Joint Cashier Sunil Goyal | Zone Chairman Surinder Bansal

ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਲਾਇਨ ਕਲੱਬ ਬਰਨਾਲਾ ਸੁਪਰੀਮ ਦੀ ਜਨਰਲ ਬੋਰਡ ਮੀਟਿੰਗ ਹੋਈ ਜਿਸ ਵਿੱਚ ਸਰਬ ਸੰਮਤੀ ਨਾਲ ਲਾਇਨ ਅਸ਼ੋਕ ਗਰਗ (ਕੇ. ਬੀ. ਗੈਸ) ਨੂੰ ਪ੍ਰਧਾਨ, ਯਸਪਾਲ ਬਾਲਾ ਨੂੰ ਸਕੱਤਰ, ਲਾਇਨ ਭੋਜ ਰਾਜ ਨੂੰ ਕੈਸੀਅਰ ਅਤੇ ਲਾਇਨ ਜਤਿੰਦਰ ਗੋਇਲ ਨੂੰ ਪੀ.ਆਰ.ਓ.ਚੁਣਿਆਂ ਗਿਆ। ਕਲੱਬ ਦੇ ਮੌਜੂਦਾ ਪ੍ਰਧਾਨ ਰਵਿੰਦਰ ਬਾਂਸਲ ਅਤੇ ਬਾਕੀ ਮੈਂਬਰਾਂ ਨੇ ਹਾਰ ਪਾਕੇ ਨਵੀਂ ਟੀਮ ਨੂੰ ਵਧਾਈਆ ਦਿੱਤੀਆ। ਇਸ ਵਿੱਚ ਲਾਇਨ ਆਰ.ਪੀ.ਸਿੰਘ ਨੂੰ ਵਾਇਸ ਪ੍ਰਧਾਨ, ਲਾਇਨ ਐਨ. ਐਸ. ਜੰਡੂ ਨੂੰ ਜੁਆਇੰਟ ਸਕੱਤਰ ਅਤੇ ਲਾਇਨ ਸੁਨੀਲ ਗੋਇਲ ਨੂੰ ਜੁਆਇੰਟ ਕੈਸ਼ੀਅਰ ਚੁਣਿਆ ਗਿਆ। ਮੌਜੂਦਾ ਜੋਨ ਚੇਅਰਮੈਨ ਲਾਇਨ ਸੁਖਦਰਸ਼ਨ ਸਦਿਓੜਾ ਨੇ ਨਵੇਂ ਬਣੇ ਜੋਨ ਚੇਅਰਮੈਨ ਲਾਇਨ ਸੁਰਿੰਦਰ ਬਾਂਸਲ ਦਾ ਹਾਰ ਪਾਕੇ ਸਵਾਗਤ ਕੀਤਾ। ਸਾਰੇ ਹਾਊਸ ਨੇ ਲਾਇਨ ਕਲੱਬ ਬਰਨਾਲਾ ਸੁਪਰੀਮ ਦੇ ਚਾਰ ਮੈਬਰਾਂ ਲਾਇਨ ਪ੍ਰੋ. ਦਰਸ਼ਨ, ਲਾਇਨ ਸੁਖਦਰਸ਼ਨ ਸਦਿਓੜਾ, ਲਾਇਨ ਸੁਰਿੰਦਰ ਮਿੱਤਲ ਅਤੇ ਲਾਇਨ ਜਤਿੰਦਰ ਗੋਇਲ ਨੂੰ ਡਿਸਟ੍ਰੀਕ ਕਮੇਟੀ ਦਾ ਮੈਂਬਰ ਚੁਣੇ ਜਾਣ ਤੇ ਵਧਾਈਆਂ ਦਿੱਤੀਆਂ ਲਾਇਨ ਅਰੁਨ ਬਾਂਸਲ, ਲਾਇਨ ਗੋਤਮ ਇਸ਼ਵਰ, ਲਾਇਨ ਸ਼ਿਵ ਸਿੰਗਲਾ ਲਾਇਨ ਪਵਨ ਬਾਂਸਲ, ਲਾਇਨ ਪਵਨ ਮਿੱਤਲ, ਲਾਇਨ ਯਾਦਵਿੰਦਰ ਬਲਾ ਲਾਇਨ ਹੀਰਾ ਲਾਲ ਗਰਗ, ਲਾਇਨ ਜਗਨੰਦਨ, ਲਾਇਨ ਮਨਜੀਤ ਕਾਂਸਲ ਨੇ ਇਸ ਮੀਟਿੰਗ ਵਿੱਚ ਹਾਜਰੀ ਲਗਾਈ ਅਤੇ ਇਸ ਮੀਟਿੰਗ ਵਿੱਚ 14 ਜੁਲਾਈ 2024 ਦਿਨ ਐਤਵਾਰ ਨੂੰ ਰਾਮ ਜੀ ਦਾਸ ਬਨਾਰਸੀ ਦਾਸ ਪੈਟਰੋਲ ਪੰਪ (ਜੋੜੇ ਪੰਪ) ਤੇ ਮੁਫ਼ਤ ਪ੍ਰਦੂਸ਼ਣ ਚੈਕਅੱਪ ਕੈਂਪ ਅਤੇ ਬੂਟਿਆਂ ਦਾ ਲੰਗਰ ਲਗਾਉਣ ਦੀ ਸਹਿਮਤੀ ਦਿੱਤੀ।

# ਇੰਡੀਅਨ ਆਇਲ ਪੰਜਾਬ ਸਬ ਜੂਨੀਅਰ ਬੈਡਮਿੰਟਨ ਰੈਂਕਿੰਗ ਟੂਰਨਾਮੈਂਟ ਸ਼ੁਰੂ

## ☛ 20 ਜ਼ਿਲ੍ਹਿਆਂ ਦੇ 400 ਖਿਡਾਰੀ ਲੈ ਰਹੇ ਹਨ ਭਾਗ, ਫਾਈਨਲ ਮੈਚ 10 ਜੁਲਾਈ ਨੂੰ

ਜਲੰਧਰ : (ਲੋਕ ਬਾਣੀ) ਇੰਡੀਅਨ ਆਇਲ ਪੰਜਾਬ ਸਬ-ਜੂਨੀਅਰ ਬੈਡਮਿੰਟਨ ਰੈਂਕਿੰਗ ਟੂਰਨਾਮੈਂਟ ਐਤਵਾਰ ਨੂੰ ਰਾਏਜ਼ਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ ਵਿਖੇ ਸ਼ੁਰੂ ਹੋ ਗਿਆ। ਟੂਰਨਾਮੈਂਟ ਦਾ ਉਦਘਾਟਨ ਮੇਜਰ ਡਾ: ਅਮਿਤ ਮਹਾਜਨ (ਪੀ.ਸੀ.ਐਸ.), ਏ.ਡੀ.ਸੀ., ਜਲੰਧਰ ਨੇ ਕੀਤਾ ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ ਦੇ ਸਕੱਤਰ ਤੇ ਸਾਬਕਾ ਰਾਸ਼ਟਰੀ ਖਿਡਾਰੀ ਰਿਤਿਨ ਖੰਨਾ ਨੇ ਦੱਸਿਆ ਕਿ ਇਹ ਟੂਰਨਾਮੈਂਟ 10 ਜੁਲਾਈ ਤੱਕ ਚੱਲੇਗਾ ।ਇਸ ਵਿੱਚ 20 ਜ਼ਿਲ੍ਹਿਆਂ ਦੇ 400 ਖਿਡਾਰੀ ਭਾਗ ਲੈ ਰਹੇ ਹਨ। ਅੰਡਰ 15 ਅਤੇ ਅੰਡਰ 17 ਉਮਰ ਵਰਗਾਂ ਲਈ 10 ਈਵੈਂਟ ਕਰਵਾਏ ਜਾ ਰਹੇ ਹਨ ਜਿਸ ਵਿੱਚ ਸਿੰਗਲਜ਼, ਡਬਲਜ਼ ਅਤੇ ਮਿਕਸਡ ਡਬਲਜ਼ ਵਰਗ ਸ਼ਾਮਲ ਹਨ। ਟੂਰਨਾਮੈਂਟ ਵਿੱਚ ਅੰਤਰਰਾਸ਼ਟਰੀ ਖੇਡ ਕੰਪਨੀ ਵਿਕਟਰ ਦੀਆਂ ਸ਼ਟਲਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਭਾਰਤੀ ਬੈਡਮਿੰਟਨ ਐਸੋਸੀਏਸ਼ਨ ਵੱਲੋਂ ਪ੍ਰਮਾਣਿਤ ਰਵੀ ਚੌਹਾਨ ਨੂੰ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਵੱਲੋਂ ਇਸ ਚੈਂਪੀਅਨਸ਼ਿਪ ਲਈ ਮੈਚ ਕੰਟਰੋਲਰ ਨਿਯੁਕਤ ਕੀਤਾ ਗਿਆ ਹੈ ਟੂਰਨਾਮੈਂਟ ਦਾ ਉਦਘਾਟਨ ਕਰਨ ਤੋਂ ਬਾਅਦ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਏ.ਡੀ.ਸੀ ਮੇਜਰ ਡਾ: ਅਮਿਤ ਮਹਾਜਨ ਨੇ ਕਿਹਾ ਕਿ ਖੇਡਣ ਨਾਲ ਬੱਚਿਆਂ ਦੇ ਹੁਨਰ ਅਤੇ ਆਤਮ-ਵਿਸ਼ਵਾਸ ਵਿੱਚ ਸੁਧਾਰ ਹੁੰਦਾ ਹੈ। ਖੇਡਾਂ ਬੱਚਿਆਂ ਨੂੰ ਸਮਾਂ ਪ੍ਰਬੰਧਨ ਅਤੇ ਅਨੁਸ਼ਾਸਨ ਬਾਰੇ ਵੀ ਸਿਖਾਉਂਦੀਆਂ ਹਨ। ਇਸ ਤੋਂ ਇਲਾਵਾ, ਇਹ ਵਿਦਿਆਰਥੀਆਂ ਨੂੰ ਤਣਾਅ ਅਤੇ ਉਦਾਸੀ ਨੂੰ ਘਟਾਉਣ ਵਿਚ ਮਦਦ ਕਰਦਾ ਹੈ। ਉਨ੍ਹਾਂ ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ ਦੇ ਸਕੱਤਰ ਰਿਤਿਨ ਖੰਨਾ ਅਤੇ ਉਨ੍ਹਾਂ ਦੀ ਟੀਮ ਨੂੰ ਟੂਰਨਾਮੈਂਟ ਦੇ ਸਫਲ ਆਯੋਜਨ ਲਈ ਵਧਾਈ ਦਿੱਤੀ।




ਇਸ ਮੌਕੇ ਡੀਬੀਏ ਦੇ ਖਜ਼ਾਨਚੀ ਪਲਵਿੰਦਰ ਜੁਨੇਜਾ, ਮੁਕੁਲ ਵਰਮਾ, ਅਨਿਲ ਭੱਟੀ, ਨਰੇਸ਼ ਬੁਧੀਆ, ਧੀਰਜ ਸ਼ਰਮਾ, ਕੋਚ ਗਗਨ ਰੱਤੀ, ਮੀਨਾ ਸ਼ਰਮਾ, ਭਾਸਕਰ ਮੁਖਰਜੀ ਅਤੇ ਵੱਡੀ ਗਿਣਤੀ ਵਿੱਚ ਖਿਡਾਰੀ ਅਤੇ ਉਨ੍ਹਾਂ ਦੇ ਮਾਪੇ ਹਾਜ਼ਰ ਸਨ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਪ੍ਰੈੱਸ ਕਲੱਬ ਦੀਨਾਨਗਰ ਦਾ ਵਫਦ ਮਿਲਿਆ ਐਸਡੀਐਮ ਨੂੰ, ਪੱਤਰਕਾਰਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਤੋਂ ਕਰਵਾਇਆ ਜਾਣੂ

## ☛ ਐਸਡੀਐਮ ਵੱਲੋਂ ਪੱਤਰਕਾਰਾਂ ਨੂੰ ਤਹਿਸੀਲ ਪ੍ਰਬੰਧਕੀ ਵਿਭਾਗ ਦੇ ਹਾਲ ਚ ਮੀਟਿੰਗ ਕਰਨ ਦੀ ਦਿੱਤੀ ਆਗਿਆ

ਦੀਨਾਨਗਰ (ਡਾ.ਰਮੇਸ਼ ਸਰੰਗਲ ) ਦੀਨਾ ਨਗਰ ਪ੍ਰੈੱਸ ਕਲੱਬ ਦਾ ਇੱਕ ਵਫਦ ਐਸਡੀਐਮ ਦੀਨਾਨਗਰ ਗੁਰਦੇਵ ਸਿੰਘ ਧੰਮ ਨੂੰ ਮਿਲਿਆ ਅਤੇ ਪੱਤਰਕਾਰਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਤੋਂ ਜਾਣੂ ਕਰਵਾਇਆ ।

ਬੜੇ ਖੁਸ਼ਨਮਾ ਮਾਹੌਲ ਵਿੱਚ ਪੱਤਰਕਾਰਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਦੇ ਉੱਪਰ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਭਵਿੱਖ ਵਿੱਚ ਆਪਸੀ ਤਾਲਮੇਲ ਦੀ ਵੀ ਵਿਉਂਤਬੰਦੀ ਕੀਤੀ ਗਈ। ਐਸ ਡੀ ਐਮ ਸਾਹਿਬ ਧੰਮ ਨੇ ਯਕੀਨ ਦਿਵਾਇਆ ਕਿ ਪੱਤਰਕਾਰ ਭਾਈਚਾਰੇ ਨੂੰ ਕਿਸੇ ਵੀ ਕਿਸਮ ਦੀ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਆਉਣ ਵਾਲੇ ਦਿਨਾਂ ਵਿੱਚ ਵੀ ਇਸ ਤਰ੍ਹਾਂ ਦੀਆਂ ਮਿਲਣੀਆਂ ਨੂੰ ਯਕੀਨੀ ਬਣਾਇਆ ਜਾਵੇਗਾ ਤਾਂ ਜ਼ੋ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ ਹਿਤ ਦੇ ਕੰਮਾਂ ਬਾਰੇ ਖ਼ਬਰਾਂ ਰਾਹੀਂ ਲੋਕਾਂ ਨੂੰ ਜਾਣੂ ਕਰਵਾਇਆ ਜਾ ਸਕੇ।

ਐਸਡੀਐਮ ਦੀਨਾ ਨਗਰ ਗੁਰਦੇਵ ਸਿੰਘ ਧੰਮ ਵੱਲੋਂ ਦੀਨਾਨਗਰ ਪ੍ਰੈਸ ਕਲੱਬ ਦੇ ਨੁਮਾਇੰਦਿਆਂ ਦੀ ਮੰਗ ਤੇ ਤਹਿਸੀਲ ਪ੍ਰਬੰਧਕੀ ਕੰਪਲੈਕਸ ਵਿੱਚ ਮੀਟਿੰਗ ਕਰਨ ਲਈ ਆਗਿਆ ਦਿੱਤੀ ਗਈ। ਹੁਣ ਪੱਤਰਕਾਰ ਭਾਈਚਾਰਾ ਕਿਸੇ ਵੀ ਸਮੇਂ ਆਪਸੀ ਵਿਚਾਰ ਵਟਾਂਦਰੇ ਲਈ ਇਸ ਮੀਟਿੰਗ ਹਾਲ ਦਾ ਉਪਯੋਗ ਕਰ ਸਕੇਗਾ। ਆਉਣ ਵਾਲੇ ਦਿਨਾਂ ਵਿੱਚ ਇਸ ਮੀਟਿੰਗ ਹਾਲ ਵਿੱਚ ਜ਼ਰੂਰੀ ਸਮਾਨ ਵੀ ਉਪਲਬਧ ਹੋ ਜਾਵੇਗਾ।

ਪ੍ਰੈਸ ਕਲੱਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਡਾਲਾ ਵੱਲੋਂ ਦੀਨਾਨਗਰ ਪ੍ਰੈਸ ਕਲੱਬ ਦੇ ਮੈਂਬਰਾਂ ਸਮੇਤ ਐਸਡੀਐਮ ਸ੍ਰੀ ਗੁਰਦੇਵ ਸਿੰਘ ਧੰਮ ਦਾ ਧੰਨਵਾਦ ਕੀਤਾ ਗਿਆ ਅਤੇ ਉਹਨਾਂ ਨੂੰ ਯਕੀਨ ਦਵਾਇਆ ਕਿ ਇਸ ਮੀਟਿੰਗ ਹਾਲ ਦੀ ਦੁਰਵਰਤੋਂ ਕਿਸੇ ਵੀ ਹਾਲ ਵਿੱਚ ਨਹੀਂ ਕੀਤੀ ਜਾਵੇਗੀ ।ਇਸ ਸਮੇਂ ਦੀ ਨਗਰ ਪ੍ਰੈਸ




ਕਲੱਬ ਦੇ ਬਹੁ ਗਿਣਤੀ ਦਰਜਾ ਬਦਰਜਾ ਮੈਂਬਰ ਮੌਜੂਦ ਸਨ ਜਿਨਾਂ ਵਿੱਚ ਸੀਨੀਅਰ ਪੱਤਰਕਾਰ ਸੀਐਲ ਕਪੂਰ, ਡਾਕਟਰ ਰਮੇਸ਼ ਸਰੰਗਲ, ਸੁਰਿੰਦਰ ਸੋਨੀ, ਸ਼ਮਸ਼ੇਰ ਸਿੰਘ,ਰਾਜ ਕੁਮਾਰ,ਰਾਜੇਸ਼ ਅਲੂਣਾ, ਰਾਜਨ, ਅਮਿਤ ਪੰਡੋਰੀ ,ਵਿਪਣ ਪੰਡੋਰੀ, ਮਨੋਜ ਭਾਗੀਆ, ਸੰਜੀਵ ਟੋਨੀ ,ਬਲਵਿੰਦਰ ਬਿੱਲਾ , ਵਰੁਣ ਵਰਮਾ ਵੀ ਮੌਜੂਦ ਸਨ।

# ਆਲਮੀ ਤਪਸ ਦੇ ਖਾਤਮੇ ਦਾ ਇੱਕੋ ਇੱਕ ਹੱਲ, ਵੱਧ ਤੋਂ ਵੱਧ ਬੂਟੇ ਲਗਾਉ ਵਿਸੇ ਤੇ ਚਰਚਾ

ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ)

ਵਾਤਾਵਰਨ ਦੇ ਪ੍ਰਦੂਸ਼ਣ ਨਾਲ ਧਰਤੀ ਤੇ ਸਾਹ ਲੈਣ ਨਾਲ ਲੱਖਾਂ ਲੋਕ ਹਰ ਸਾਲ ਮਰ ਜਾਂਦੇ ਹਨ। ਜੇਕਰ ਇਸ ਤਰ੍ਹਾਂ ਹੀ ਪ੍ਰਦੂਸ਼ਣ ਵੱਧਦਾ ਰਿਹਾ ਤਾਂ ਕਿਸੇ ਵੀ ਦਿਨ ਬ੍ਰਹਿਮੰਡ ਦੇ ਇਸ ਖ਼ੂਬਸੂਰਤ ਗ੍ਰਹਿ ਦੀ ਮੌਤ ਹੋ ਸਕਦੀ ਹੈ।

ਵਾਤਾਵਰਨ ਦੇ ਪ੍ਰਦੂਸ਼ਣ ਦੇ ਕਾਰਨਾਂ ਤੇ ਇਸ ਦੀ ਰੋਕਥਾਮ ਲਈ ਸਾਬਕਾ ਸਰਪੰਚ ਗੁਰਦਰਸ਼ਨ ਸਿੰਘ ਬਰਾੜ ਨੇ ਕਿਹਾ ਕਿ ਵੱਧ ਰਹੀ ਆਬਾਦੀ ਪ੍ਰਦੂਸ਼ਣ ਦਾ ਮੁੱਖ ਕੰਮ ਹੈ। ਸਾਰੇ ਮਹਾਂ ਨਗਰਾਂ ਵਿੱਚ ਲੱਗੇ ਵੱਡੇ ਵੱਡੇ ਕਾਰਖਾਨਿਆਂ ਚੋਂ ਨਿਕਲਣ ਵਾਲਾ ਧੂੰਆਂ ਹਵਾ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ । ਆਵਾਜਾਈ ਦੇ ਸਾਧਨਾਂ ਚ ਅੰਧਾ ਧੁੰਦ ਵਾਧਾ ਹੋਇਆ ਹੈ। ਦਰੱਖਤ ਕੱਟੇ ਜਾ ਰਹੇ ਹਨ । ਵਾਤਾਵਰਨ ਦੇ ਪ੍ਰਦੂਸ਼ਣ ਦੀ ਰੋਕਥਾਮ ਲਈ ਵੱਧ ਤੋਂ ਵੱਧ ਬੂਟੇ ਲਾਏ ਜਾਣੇ ਚਾਹੀਦੇ ਹਨ।

ਸਮਾਜ ਸੇਵੀ ਰਾਕੇਸ਼ ਜਿੰਦਲ ਐਮ ਡੀ ਜਿੰਦਲ ਸਟੀਲ ਇੰਡਸਟਰੀਜ਼ ਬਰਨਾਲਾ ਨੇ ਕਿਹਾ ਕਿ ਪਾਣੀ ਜੀਵਨ ਦਾ ਆਧਾਰ ਹੈ। ਪ੍ਰਾਣੀ ਜਗਤ ਅਤੇ ਬਨਸਪਤੀ ਸਭ ਪਾਣੀ ਕਾਰਨ ਹਰੇ ਭਰੇ ਹਨ। ਕਾਰਖਾਨਿਆਂ ਦਾ ਤੇਜਾਬੀ ਮਾਦਾ ਨਹਿਰਾਂ ਤੇ ਦਰਿਆਵਾਂ ਚ ਮਿਲ ਕੇ ਜਲ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ। ਪਾਣੀ ਰਾਹੀਂ ਕਈ ਪ੍ਰਕਾਰ ਦੇ ਕਿਟਾਣੂ ਸਾਡੇ ਸਰੀਰ ਚ ਪਹੁੰਚ ਕੇ ਬਿਮਾਰੀਆਂ ਨੂੰ ਜਨਮ ਦਿੰਦੇ ਹਨ । ਪਾਣੀ ਦੇ ਪ੍ਰਦੂਸ਼ਣ ਨੂੰ ਬਚਾਉਣ ਦੀ ਸਖਤ ਲੋੜ ਹੈ।

ਸਟੇਟ ਐਵਾਰਡੀ ਮਾਸਟਰ ਪੰਕਜ਼ ਗੋਇਲ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬਰਨਾਲਾ ਨੇ ਕਿਹਾ ਕਿ ਵੱਡੇ ਵੱਡੇ ਉਦਯੋਗਾਂ ਦਾ ਪ੍ਰਭਾਵ ਨੇੜੇ ਵਾਲੀ ਭੂਮੀ ਤੇ ਵੀ ਪੈ ਰਿਹਾ ਹੈ, ਜਿੱਥੇ ਤੇਜ਼ਾਬੀ ਜਾਂ ਰਸਾਇਣਕ ਮਾਦਾ ਡਿਗਦਾ ਹੈ ਉਥੇ ਧਰਤੀ ਦਾ ਵਿਨਾਸ਼ ਕੀਤਾ ਜਾ ਰਿਹਾ ਹੈ। ਉਪਜ ਵਧਾਉਣ ਲਈ ਲੋੜ ਤੋਂ ਵੱਧ ਜ਼ਹਿਰੀਲੀਆਂ ਖਾਦਾਂ ਤੇ ਕੀੜੇਮਾਰ ਦਵਾਈਆਂ ਵਰਤੀਆਂ ਜਾ ਰਹੀਆਂ ਹਨ ਜਿਸ ਨਾਲ ਹੈਪੇਟਾਈਟਸ ਅਤੇ ਕੈਂਸਰ ਵਰਗੀਆਂ ਘਾਤਕ ਬਿਮਾਰੀਆਂ ਪੈਦਾ ਹੋ ਰਹੀਆਂ ਹਨ।




ਗੁਰਦੁਆਰਾ ਬਾਬਾ ਗਾਂਧਾ ਸਿੰਘ ਦੇ ਮੈਨੇਜਰ ਸੁਰਜੀਤ ਸਿੰਘ ਠੀਕਰੀਵਾਲਾ ਨੇ ਖੁਲਾਸਾ ਕਰਦਿਆਂ ਕਿਹਾ ਕਿ ਵਾਤਾਵਰਨ ਦੇ ਪ੍ਰਦੂਸ਼ਣ ਕਾਰਨ ਧਰਤੀ ਗੰਭੀਰ ਬਿਮਾਰ ਹੋ ਗਈ ਹੈ ਜਿਸ ਨਾਲ ਧਰਤੀ ਦੀਆਂ ਪੰਜ ਲੱਖ ਤੋਂ ਵੱਧ ਜੀਵ ਪ੍ਰਜਾਤੀਆਂ ਲੁਪਤ ਹੋ ਗਈਆਂ ਹਨ ਤੇ ਹਰ ਸਾਲ 15 ਅਰਬ ਤੋਂ ਵੱਧ ਦਰਖਤ ਕੱਟੇ ਜਾ ਰਹੇ ਹਨ।

ਸਮਾਜ ਸੇਵੀ ਅਤੇ ਗਊ ਭਗਤ ਰਾਕੇਸ਼ ਕੁਮਾਰ ਗੋਲਾ ਨੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਆਵਾਜਾਈ, ਆਵਾਜ਼ ਪ੍ਰਦੂਸ਼ਣ, ਵਿਆਹ ਸਮਾਗਮਾਂ, ਲਾਊਡ ਸਪੀਕਰਾਂ ਰਾਹੀਂ ਆਵਾਜ਼ ਪ੍ਰਦੂਸ਼ਣ ਨਾਲ ਲੋਕ ਬਲੱਡ ਪ੍ਰੈਸ਼ਰ, ਸਿਰਦਰਦ ਅਤੇ ਨੀਂਦ ਨਾ ਆਉਣ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਆਵਾਜ਼ ਪ੍ਰਦੂਸ਼ਣ ਨੂੰ ਘਟਾਉਣ ਦੀ ਸਖ਼ਤ ਲੋੜ ਹੈ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਗੁਰਮੀਤ ਸਿੰਘ ਮੀਮਸਾ ਨੇ ਕਿਹਾ ਕਿ ਦਰੱਖਤਾਂ ਦੀ ਕਟਾਈ ਕਰਨ ਨਾਲ ਘਰ ਘਰ ਏ ਸੀ ਚੱਲਣ ਅਤੇ ਆਵਾਜਾਈ ਦੇ ਸਾਧਨਾਂ ਚ ਹੋਏ ਵਾਧੇ ਅਤੇ ਪਲਾਸਟਿਕ ਦੀ ਵਰਤੋਂ ਨਾਲ ਪ੍ਰਦੂਸ਼ਣ ਬਹੁਤ ਵੱਧ ਗਿਆ ਹੈ। ਧਰਤੀ ਦੀ ਤਪਸ ਹਰ ਸਾਲ ਵੱਧ ਰਹੀ ਹੈ । ਕੇਵਲ ਧਰਤੀ ਹੀ ਇੱਕ ਅਜਿਹਾ ਗ੍ਰਹਿ ਹੈ ਜਿੱਥੇ ਮਨੁੱਖੀ ਜੀਵਨ ਸੰਭਵ ਹੈ। ਇਸ ਲਈ ਵੱਧ ਤੋਂ ਵੱਧ ਬੂਟੇ ਲਾ ਕੇ ਪਲਾਸਟਿਕ ਦੀ ਵਰਤੋਂ ਤੇ ਮੁਕੰਮਲ ਪਬੰਦੀ ਲਾ ਕੇ ਅਸੀਂ ਵਾਤਾਵਰਨ ਦੀ ਸ਼ੁੱਧਤਾ ਨੂੰ ਕਾਇਮ ਰੱਖ ਸਕਦੇ ਹਾਂ।

# ਪੰਜਾਬ ਵਿੱਚ ਅਮਨ-ਕਾਨੂੰਨ ਦੀ ਹਾਲਤ ਚਿੰਤਾਜਨਕ - ਨੀਲਮਣੀ ਸਮਾਧੀਆ

ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਬਜਰੰਗ ਦਲ ਦੇ ਸੂਬਾ ਕੋ - ਕਨਵੀਨਰ ਨੀਲਮਣੀ ਸਮਾਧੀਆਂ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਇੰਝ ਲੱਗਦਾ ਹੈ ਜਿਵੇਂ ਪੰਜਾਬ ਵਿੱਚ ਹਿੰਦੂ ਹੋਣਾ ਹੀ ਗੁਨਾਹ ਹੋ ਗਿਆ ਹੋਵੇ, ਕਦੇ ਤਾਂ ਹਿੰਦੂ ਨੇਤਾਵਾਂ ਤੇ ਹਮਲੇ ਹੋ ਰਹੇ ਹਨ , ਕਦੇ ਹਿੰਦੂਆਂ ਦਾ ਅਪਮਾਨ ਕੀਤਾ ਜਾਂਦਾ ਹੈ, ਮੂਰਤੀਆਂ ਤੋੜੀਆਂ ਜਾਂਦੀਆਂ ਹਨ, ਰਾਮਲੀਲਾਵਾਂ ਦਾ ਅਪਮਾਨ ਹੁੰਦਾ ਹੈ, ਹਿੰਦੂਆਂ ਦੇ ਸਾਰੇ ਤਿਉਹਾਰ, ਸਾਰੇ ਹਿੰਦੂ ਤਿਉਹਾਰ, ਸਾਰੇ ਹਿੰਦੂ ਸਮਾਗਮ ਪੁਲਿਸ ਦੇ ਪਹਿਰੇ ਵਿਚ ਹੁੰਦੇ ਹਨ, ਦੀਵਾਲੀ, ਦੁਸਹਿਰਾ, ਸਾਰੇ ਕਾਲੇ ਕੀਤੇ ਜਾਂਦੇ ਹਨ। ਇਸ ਤਰ੍ਹਾਂ ਲੱਗਦਾ ਹੈ ਕਿ ਹਿੰਦੂ ਦੂਜੇ ਦਰਜੇ ਦੇ ਨਾਗਰਿਕ ਬਣ ਗਏ ਹਨ। ਪੰਜਾਬ ਵਿੱਚ ਬਜਰੰਗ ਦਲ ਦੇ ਪੰਜਾਬ ਸੂਬਾ ਕੋ-ਕਨਵੀਨਰ ਨੀਲਮਣੀ ਸਮਾਧੀਆ ਨੇ ਕਿਹਾ ਕਿ ਕੱਲ੍ਹ ਲੁਧਿਆਣਾ ਵਿੱਚ ਸ਼ਿਵ ਸੈਨਾ ਆਗੂ ਸੰਦੀਪ ਥਾਪਰ ਦੀ ਸ਼ਰੇਆਮ ਹੱਤਿਆ ਕਰਨ ਦੀ ਕੋਸ਼ਿਸ਼ ਦੀ ਸ਼ਹੀਦ ਸੁਖਦੇਵ ਥਾਪਰ ਦੇ ਪਰਿਵਾਰਕ ਮੈਂਬਰਾਂ ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਪੰਜਾਬ ਵਿੱਚ ਹਿੰਦੂਆਂ ਦੀ ਆਵਾਜ਼ ਬੁਲੰਦ ਕਰਨਾ, ਧਰਮ ਬਾਰੇ ਗੱਲ ਕਰਨਾ ਅਪਰਾਧ ਬਣ ਗਿਆ ਹੈ ? ਪੰਜਾਬ ਵਿੱਚ ਅਮਨ ਕਾਨੂੰਨ ਦੀ ਹਾਲਤ ਤਰਸਯੋਗ ਅਤੇ ਚਿੰਤਾਜਨਕ ਬਣੀ ਹੋਈ ਹੈ। ਹਿੰਦੂਆਂ ਨੂੰ ਆਪਣੀ ਰਾਖੀ ਲਈ ਸੜਕਾਂ ਤੇ ਉਤਰਨਾ ਪਵੇਗਾ, ਅਸੀਂ ਨਹੀਂ ਚਾਹੁੰਦੇ ਕਿ ਪੰਜਾਬ ਦਾ ਕੋਈ ਵੀ ਹਿੰਦੂ ਸਮਾਜ ਸੜਕਾਂ ਤੇ ਉਤਰੇ, ਬੰਦ ਹੋਵੇ ਜਾਂ ਕੋਈ ਅੰਦੋਲਨ ਕਰੇ। ਉਨ੍ਹਾਂ ਭੰਗਵਤ ਮਾਨ ਦੀ ਅਪੀਲ ਕੀਤੀ ਕਿ ਸਰਕਾਰ ਅਜਿਹੇ ਸਮਾਜ ਵਿਰੋਧੀ ਅਨਸਰਾਂ ਤੇ ਲਗਾਮ ਕੱਸਣ ਜੋ ਹਿੰਦੂਆਂ ਅਤੇ ਸਿੱਖਾਂ ਵਿਚ ਫੁੱਟ ਪਾਉਣਾ ਚਾਹੁੰਦੇ ਹਨ। ਅਸ਼ਾਂਤੀ ਪੈਦਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਮੰਦਰਾਂ ਵਿੱਚ ਦੇਵੀ ਦੇਵਤਿਆਂ ਦੀਆਂ ਮੂਰਤੀਆਂ, ਦੇਵੀ-ਦੇਵਤਿਆਂ ਵਿਰੁੱਧ ਭੱਦੀਆਂ ਟਿੱਪਣੀਆਂ ਕਰਨ, ਅਜਿਹੇ ਵਿਅਕਤੀਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ।



# ਭਗਵਾਨ ਸ਼੍ਰੀ ਰਾਮ ਮੰਦਰ ਅਯੁਧਿਆ ਨੂੰ ਵਿਸ਼ਵ ਵਿਰਾਸਤ ਸੂਚੀ ਚ ਸ਼ਾਮਲ ਕਰਨ ਦੀ ਮੰਗ



ਬਰਨਾਲਾ, (ਸੁਖਵਿੰਦਰ ਸਿੰਘ ਭੰਡਾਰੀ) ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਬਰਨਾਲਾ ਦੇ ਮਹਿਲਾ ਵਿੰਗ ਦੇ ਪ੍ਰਧਾਨ ਬਬੀਤਾ ਜਿੰਦਲ ਨੇ ਮੰਗ ਕੀਤੀ ਕਿ ਅਯੋਧਿਆ ਵਿਖੇ ਨਵੇਂ ਬਣੇ ਸ੍ਰੀ ਰਾਮ ਜੀ ਦੇ ਮੰਦਰ ਨੂੰ ਵਿਸ਼ਵ ਵਿਰਾਸਤ ਦੀ ਸੂਚੀ ਵਿੱਚ ਦਰਜ ਕੀਤਾ ਜਾਵੇ ਤਾਂ ਜੋ ਇਹ ਮੰਦਰ ਸਮੁੱਚੇ ਵਿਸ਼ਵ ਦੀ ਵਿਰਾਸਤ (ਧਰੋਹਰ) ਬਣ ਸਕੇ। ਜਦੋਂ ਯੂਨੈਸਕੋ ਕਿਸੇ ਜਗਾ ਨੂੰ ਵਿਸ਼ਵ ਵਿਰਾਸਤ ਘੋਸ਼ਤ ਕਰਦੀ ਹੈ ਤਾਂ ਉੱਥੇ ਵਿਸ਼ਵ ਦੇ ਸੈਲਾਨੀਆਂ ਦਾ ਆਉਣਾ ਜਾਣਾ ਕਾਫੀ ਵਧ ਜਾਂਦਾ ਹੈ, ਜਿਸ ਦਾ ਸਿੱਧਾ ਅਸਰ ਦੇਸ਼ ਦੀ ਅਰਥ ਵਿਵਸਥਾ ਤੇ ਪੈਂਦਾ ਹੈ ਅਤੇ ਉਹ ਸਥਾਨ ਲੋਕਾਂ ਦੀ ਸ਼ਰਧਾ ਦਾ ਕੇਂਦਰ ਬਿੰਦੂ ਬਣ ਜਾਂਦਾ ਹੈ। ਇਸ ਮੌਕੇ ਬੋਲਦਿਆਂ ਸਮਾਜ ਸੇਵੀ ਨੀਰਜ ਬਾਲਾ ਦਾਨੀਆ ਅਤੇ ਸੋਮਾ ਭੰਡਾਰੀ ਨੇ ਕਿਹਾ ਕਿ ਵਿਸ਼ਵ ਵਿਰਾਸਤ ਦਿਵਸ ਹਰ ਸਾਲ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦਾ ਮਕਸਦ ਸਿਰਫ ਸੈਰ ਸਪਾਟੇ ਨੂੰ ਹੀ ਉਤਸ਼ਾਹਿਤ ਹੀ ਨਹੀਂ ਕਰਦਾ ਬਲਕਿ ਵਿਰਾਸਤੀ ਸਥਾਨਾਂ ਦੀ ਸਾਂਭ ਸੰਭਾਲ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨਾ ਵੀ ਹੁੰਦਾ ਹੈ। ਇਸ ਦੌਰਾਨ ਸਮਾਜ ਸੇਵੀ ਸਪਨਾ ਗਰਗ ਅਤੇ ਹਰਵਿੰਦਰ ਕੌਰ ਪੰਮੀ ਨੇ ਕਿਹਾ ਕਿ ਭਾਰਤ ਵਿੱਚ 42 ਵਿਸ਼ਵ ਵਿਰਾਸਤੀ ਥਾਵਾਂ ਹਨ, ਜਿਨਾਂ ਨੂੰ ਦੇਖਣ ਲਈ ਹਰ ਸਾਲ ਲੱਖਾਂ ਲੋਕ ਆਉਂਦੇ ਹਨ। ਉਹਨਾਂ ਕਿਹਾ ਕਿ ਇਹਨਾਂ ਵਿਸ਼ਵ ਵਿਰਾਸਤ ਥਾਵਾਂ ਦੀ ਸਾਂਭ ਸੰਭਾਲ ਕਰਨ ਲਈ ਸਬੰਧਿਤ ਦੇਸ਼ ਅਤੇ ਯੂਨੇਸਕੋ ਦੀ ਜ਼ਿੰਮੇਵਾਰੀ ਹੁੰਦੀ ਹੈ। ਸ਼੍ਰੀ ਰਾਮ ਮੰਦਰ ਨੂੰ ਵਿਸ਼ਵ ਵਿਰਾਸਤ ਸੂਚੀ ਚ ਸ਼ਾਮਿਲ ਕਰਵਾਉਣ ਲਈ ਕੇਂਦਰ ਸਰਕਾਰ ਨੂੰ ਯੂ ਐਨ ਓ ਦੀ ਏਜੰਸੀ ਯੂਨੇਸਕੋ ਨਾਲ ਤਾਲਮੇਲ ਕਰਕੇ ਲੋੜੀਂਦੀ ਕਾਰਵਾਈ ਕਰਨੀ ਚਾਹੀਦੀ ਹੈ। ਇਸ ਮੌਕੇ ਸੁਮੇਧਾ, ਮੋਨਿਕਾ ਗਰਗ, ਭਾਰਤੀ ਗੋਇਲ ਆਦਿ ਹਾਜ਼ਰ ਸਨ।

# ਏਂਜਲ ਪਬਲਿਕ ਸਕੂਲ ਵਿੱਚ ਸੁਖਮਨੀ ਸਾਹਿਬ ਪਾਠ ਕੀਤਾ ਗਿਆ



ਚੰਡੀਗੜ੍ਹ (ਅੰਜੂ) ਚੰਡੀਗੜ੍ਹ ਦੇ ਬਹਿਲਾਨਾ ਦੇ ਏਂਜਲ ਪਬਲਿਕ ਸਮਾਰਟ ਸਕੂਲ ਵਿੱਚ ਸੁਖਮਨੀ ਸਾਹਿਬ ਪਾਠ ਕੀਤਾ ਗਿਆ। ਇਸ ਉਪਰੰਤ ਰਾਗੀ ਸਿੰਘਾਂ ਵਲੋ ਸੰਗਤਾ ਨੂੰ ਕੀਰਤਨ ਗੁਰਬਾਣੀ ਰਾਹੀ ਨਿਹਾਲ ਕੀਤਾ ਗਿਆ। ਇਸ ਮੌਕੇ ਸਕੂਲ ਦੇ ਚੇਅਰਮੈਨ ਸ. ਦਵਿੰਦਰ ਸਿੰਘ ਨੇ ਦਸਿਆ ਕਿ ਚੰਡੀਗੜ੍ਹ ਦੇ ਉਪਮੇਹਰ ਸ੍ਰੀ ਰਾਜਿੰਦਰ ਸ਼ਰਮਾ ਨੇ ਸਕੂਲ ਦੇ ਬੀ ਬਲਾਕ ਦਾ ਉਦਘਾਟਨ ਕੀਤਾ। ਉਹਨਾਂ ਵਲੋ ਆਈਆਂ ਹੋਈਆ ਸੰਗਤਾ ਦਾ ਤਹਿਦਿਲੋ ਧੰਨਵਾਦ ਵੀ ਕੀਤਾ। ਇਸ ਮੌਕੇ ਨੈਸ਼ਨਲ ਇੰਡੀਪੇਂਡੇਸ ਸਕੂਲਸ ਏਲਾਇਸ ਦੇ ਪ੍ਰਧਾਨ ਡਾ. ਕੁਲਭੂਸਨ ਸ਼ਰਮਾ, ਮਸ਼ਹੂਰ ਸਾਹਿਤਿਆਕਾਰ ਡਾ. ਵਿਨੋਦ ਸ਼ਰਮਾ, ਵਿਕਰਾਂਤ ਅਗਰਵਾਲ, ਐਚ ਐਸ ਸੰਘੇਰਾ, ਰਜਨੀ ਅਗਰਵਾਲ, ਸਤਵੰਤ ਸਿੰਘ, ਸਾਬਕਾ ਐਮ ਸੀ ਜਤਿੰਦਰ ਭਾਟੀਆ, ਜਤਿੰਦਰ ਸੈਣੀ, ਨਰੇਸ ਪੰਚਾਲ, ਸਮਾਜਸੇਵੀ ਜਸਬੀਰ ਸਿੰਘ, ਰਛਪਾਲ ਸਿੰਘ, ਸਕੂਲ ਟੀਚਰ ਤੇ ਸਟਾਪ ਅਤੇ ਖਾਸ ਤੌਰ ਤੇ ਪਹੁੰਚੇ ਅਜੂਕੇਸ਼ਨ ਵੈਲਫੇਅਰ੍ਹ ਐਸੋਸਿਅਸ਼ਨ ਦੀ ਮੁੱਖ ਸਕੱਤਰ ਹਿਮਾਨੀ ਸ਼ਰਮਾ ਹਾਜਿਰ ਸਨ। ਸਭਨਾ ਨੇ ਚੈਅਰਮੈਨ ਦਵਿੰਦਰ ਸਿੰਘ ਅਰੋੜਾ ਨੂੰ ਵਧਾਈਆਂ ਦਿਤੀਆ। ਬਾਦ ਵਿੱਚ ਗੁਰੂ ਦਾ ਲੰਗਰ ਵੀ ਅਤੁੱਟ ਵਰਤਾਇਆ ਗਿਆ।




# ਲਾਇਨਜ਼ ਕਲੱਬ ਖਰੜ ਉਮੰਗ ਵਲੋਂ ਮੈਡੀਕਲ ਚੈੱਕ-ਅੱਪ ਕੈਂਪ ਲਗਾਇਆ

ਖਰੜ, (ਕਾਲਾ ਸਿੰਘ ਸੈਣੀ)- ਲਾਇਨਜ਼ ਕਲੱਬ ਖਰੜ ਉਮੰਗ ਵਲੋਂ ਐਲ.ਐਂਡ.ਟੀ ਕੰਪਨੀ ਦੇ ਦਫਤਰ ਵਿਖੇ ਮੈਡੀਕਲ ਚੈੱਕ- ਅੱਪ ਕੈਂਪ ਲਗਾਇਆ ਗਿਆ। ਕਲੱਬ ਦੇ ਮੈਂਬਰ ਸੁਭਾਸ਼ ਅਗਰਵਾਲ,ਅਮਨਦੀਪ ਸਿੰਘ ਮਾਨ ਨੇ ਦੱਸਿਆ ਕਿ ਕੈਂਪ 'ਚ ਡਾਕਟਰ ਸੰਦੀਪ ਸਿੰਘ ਮਾਵੀ ਵਲੋਂ35-40 ਦੇ ਕਰੀਬ ਮਰੀਜਾਂ ਦਾ ਚੈੱਕ-ਅੱਪ ਕੀਤਾ ਗਿਆ। ਇਸ ਮੌਕੇ ਮਰੀਜਾਂ ਨੂੰ ਦਵਾਈਆਂ ਵੀ ਦਿੱਤੀਆਂ ਗਈਆਂ। ਉਨਾਂ ਦੱਸਿਆ ਕਿ ਹਰ ਸਾਲ ਦੀ ਤਰਾਂ ਕਲੱਬ ਵਲੋਂ ਸਮਾਜ ਭਲਾਈ ਦੇ ਕੰਮਾਂ ਨੂੰ ਅੱਗੇ ਤੋਰਦੇ ਹੋਏ ਮੈਡੀਕਲ ਚੈੱਕ ਅੱਪ ਕੈਂਪ,ਪੌਦੇ ਲਗਾਉਣੇ,ਹੰਗਰ ਪ੍ਰੋਜੈਕਟ ਆਦਿ ਕੈਂਪਾਂ ਦਾ ਆਯੋਜਨ ਕਰਵਾਇਆ ਜਾਂਦਾ ਹੈ। ਇਸ ਮੌਕੇ ਕਲੱਬ ਮੈਂਬਰ ਸੁਭਾਸ ਅਗਰਵਾਲ (ਪ੍ਰੋਜੈਕਟ ਚੇਅਰਮੈਨ) ਸਮੇਤ ਹੋਰ ਕਲੱਬ ਮੈਂਬਰਾਂ ਸਮੇਤ ਕੰਪਨੀ ਦਾ ਸਟਾਫ ਮੈਂਬਰ ਹਾਜਰ ਸਨ।

# ਕਾਨਪੁਰ: ਟੀਮ ਸੀਪੀ ਸਿੰਘ ਨੇ ਮੁਕਾਬਲੇ ਵਿੱਚ ਗ੍ਰਿਫ਼ਤਾਰ ਟੈਂਪੂ ਸਟੈਂਡ ਆਪਰੇਟਰ ਦੇ ਕਾਤਲ ਨੂੰ ਜੇਲ੍ਹ ਭੇਜ ਦਿੱਤਾ ਹੈ।

## ਘਟਨਾ ਦਾ ਕਾਰਨ ਆਟੋ ਟੈਂਪੋ ਅਤੇ ਮੈਜਿਕ ਵਾਹਨਾਂ ਤੋਂ ਨਾਜਾਇਜ਼ ਵਸੂਲੀ ਨਾਲ ਸਬੰਧਤ ਦੱਸਿਆ ਗਿਆ ਹੈ

ਕਾਨਪੁਰ (ਸੁਨੀਲ ਬਾਜਪਾਈ) ਇੱਥੇ ਨੌਬਸਤਾ ਥਾਣਾ ਖੇਤਰ ਚ ਮੈਜਿਕ ਵਾਹਨਾਂ, ਆਟੋ ਅਤੇ ਟੈਂਪੋ ਚਾਲਕਾਂ ਤੋਂ ਨਾਜਾਇਜ਼ ਵਸੂਲੀ ਦੀ ਰਕਮ ਵੰਡਣ ਨੂੰ ਲੈ ਕੇ ਹੋਏ ਝਗੜੇ ਚ ਸਟੈਂਡ ਆਪਰੇਟਰ ਦਾ ਕਤਲ ਕਰਨ ਵਾਲੇ ਦੋਸ਼ੀ ਨੂੰ ਮੁਕਾਬਲੇ ਚ ਗ੍ਰਿਫਤਾਰ ਕਰਕੇ ਜੇਲ ਭੇਜ ਦਿੱਤਾ ਗਿਆ ਹੈ।

ਨੌਬਸਤਾ ਦੇ ਇੰਚਾਰਜ ਇੰਸਪੈਕਟਰ ਜਗਦੀਸ਼ ਪਾਂਡੇ ਦੀ ਅਗਵਾਈ ਹੇਠ ਬਸੰਤ ਵਿਹਾਰ ਚੌਕੀ ਦੇ ਇੰਚਾਰਜ ਛਤਰਪਾਲ ਸਿੰਘ ਦੀ ਟੀਮ ਨੇ ਘਟਨਾ ਦੇ 12 ਘੰਟਿਆਂ ਦੇ ਅੰਦਰ ਹੀ ਉਸ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ। ਇਸ ਕਤਲ ਦੇ ਮੁਲਜ਼ਮ ਨੂੰ ਘਟਨਾ ਦੇ 12 ਘੰਟਿਆਂ ਦੇ ਅੰਦਰ-ਅੰਦਰ ਗ੍ਰਿਫ਼ਤਾਰ ਕਰਨ ਵਾਲੀ ਚੌਕੀ ਇੰਚਾਰਜ ਛਤਰਪਾਲ ਸਿੰਘ ਦੀ ਟੀਮ ਜਿੱਥੇ ਪਹਿਲਾਂ ਸੀ, ਉੱਥੇ ਤਾਇਨਾਤ ਹੈ। ਉੱਥੇ ਹੀ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਨ ਚ ਸਫਲਤਾ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਦੱਸ ਦੇਈਏ ਕਿ ਬੀਤੇ ਸ਼ੁੱਕਰਵਾਰ ਸਵੇਰੇ ਨੌਬਸਤਾ ਖਾਨਾ ਇਲਾਕੇ ਵਿੱਚ ਸਟੈਂਡ ਆਪਰੇਟਰ ਹਰੀ ਕਰਨ ਸਿੰਘ (55) ਦੀ ਸ਼ਰੇਆਮ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਇਸ ਸਨਸਨੀਖੇਜ਼ ਵਾਰਦਾਤ ਨੂੰ ਸੌਰਭ ਸਚਾਨ ਨਾਂ ਦੇ ਨੌਜਵਾਨ ਨੇ ਅੰਜਾਮ ਦਿੱਤਾ, ਜੋ ਕਿ ਨੌਬਸਤਾ ਥਾਣਾ ਇੰਚਾਰਜ ਜਗਦੀਸ਼ ਪਾਂਡੇ, ਐਡੀਸ਼ਨਲ ਇੰਸਪੈਕਟਰ ਨਦੀਮ ਖਾਨ, ਬਸੰਤ ਵਿਹਾਰ ਚੌਕੀ ਦੇ



ਇੰਚਾਰਜ ਏ. ਇੰਚਾਰਜ ਛਤਰਪਾਲ ਸਿੰਘ, ਹਾਊਸਿੰਗ ਡਿਵੈਲਪਮੈਂਟ ਚੌਕੀ ਇੰਚਾਰਜ ਸੱਦਾਮ ਖਾਨ ਅਤੇ ਹੈੱਡ ਕਾਂਸਟੇਬਲ ਵਿਕਾਸ ਚੌਹਾਨ ਦੀ ਟੀਮ ਨੇ 12 ਘੰਟਿਆਂ ਦੇ ਅੰਦਰ ਹੀ ਉਸ ਨੂੰ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ।

# ਪਿੰਡ ਹੀਰਕੇ ਦੇ ਕਿਸਾਨਾਂ ਵੱਲੋਂ ਨਹਿਰੀ ਪਾਣੀ ਦੀ ਸਿੰਚਾਈ ਲਈ ਪਾਈਪਾਂ ਪਾਉਣ ਦੀ ਮੰਗ



ਮਾਨਸਾ (ਮਨੋਜ) ਪਿੰਡ ਹੀਰਕੇ ਤਹਿਸੀਲ ਸਰਦੂਲਗੜ੍ਹ ਜਿਲਾ ਮਾਨਸਾ ਦੀ ਢੁਡਾਲ ਬਰਾਂਚ ਵਿੱਚੋ ਨਹਿਰੀ ਪਾਣੀ ਨਾਲ ਫ਼ਸਲਾਂ ਦੀ ਸਿੰਚਾਈ ਹੁੰਦੀ ਹੈ ਇਸ ਨਹਿਰ ਵਿੱਚੋਂ ਮੋਘਾ ਨੰਬਰ 20 960 ♣ ਤੇ ਜਿਹੜੇ ਖਾਲ ਨਾਲ ਪਿੰਡ ਹੀਰਕੇ ਦੇ ਖੇਤਾਂ ਦੀ ਸਿੰਚਾਈ ਹੁੰਦੀ ਸੀ ਉਹ ਜਿਆਦਾ ਸਮਾਂ ਹੋਣ ਕਾਰਨ ਅਤੇ ਬਾਰਿਸ਼ ਨਾਲ ਪਿਛਲੇ ਦੋ ਸਾਲਾਂ ਤੋਂ ਟੁੱਟ ਗਿਆ ਹੈ ਕਿਉਂਕਿ ਇਹ ਖੇਤ ਬਹੁਤ ਨੀਵੇਂ ਹਨ ਅਤੇ ਜਿਆਦਾ ਬਾਰਿਸ਼ ਹੋਣ ਦੇ ਨਾਲ ਪਿੰਡ ਝੰਡੂਕੇ ਅਤੇ ਚੈਨੇਵਾਲਾ ਦਾ ਪਾਣੀ ਵੀ ਇਥੇ ਆ ਜਾਂਦਾ ਹੈ ਜਿਸ ਨਾਲ ਫ਼ਸਲਾਂ ਖਰਾਬ ਹੋ ਜਾਂਦੀਆਂ ਹਨ ਹੁਣ ਟਿਊਬਵੈਲਾਂ ਰਾਹੀਂ ਸਿੰਚਾਈ ਕੀਤੀ ਜਾਂਦੀ ਹੈ ਜਿਸ ਨਾਲ ਧਰਤੀ ਹੇਠਲੇ ਜਲ ਪੱਧਰ ਨੀਵਾਂ ਹੋ ਰਿਹਾ ਤੇ ਬਿਜਲੀ ਦੀ ਖਪਤ ਹੋ ਰਹੀ ਹੈ ਸੋ ਕਿਸਾਨਾਂ ਵੱਲੋਂ ਸਰਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਪਿੰਡ ਹੀਰਕੇ ਦੇ ਮੋਘਾ ਨੰਬਰ 20960 ♣ ਦੇ ਪਾਣੀ ਨੂੰ ਪਾਈਪਾਂ ਰਾਹੀ ਪਾਉਣ ਦੀ ਪੁਰਜੋਰ ਮੰਗ ਕੀਤੀ ਜਾਂਦੀ ਹੈ ਤਾਂ ਜੋ ਲੰਬੇ ਸਮੇਂ ਤੋਂ ਬਣੀ ਇਸ ਸਮੱਸਿਆ ਤੋਂ ਛੁਟਕਾਰਾ ਮਿਲ ਸਕੇ ਅਤੇ ਬਿਜਲੀ ਅਤੇ ਧਰਤੀ ਹੇਠਲੇ ਪਾਣੀ ਦੀ ਬੱਚਤ ਹੁੰਦੀ ਰਹੇ , ਇਹ ਜਾਣਕਾਰੀ ਪਿੰਡ ਦੇ ਨੰਬਰਦਾਰ ਸੁਖਜਿੰਦਰ ਸਿੰਘ ਨੇ ਦਿੱਤੀ ਅਤੇ ਇਹ ਕੰਮ ਜਲਦੀ ਕਰਨ ਲਈ ਅਪੀਲ ਕੀਤੀ । ਇਸ ਮੌਕੇ ਗੁਰਨਾਮ ਸਿੰਘ , ਬੱਗਾ ਸਿੰਘ , ਜਰਮਲ ਸਿੰਘ, ਗੇਜੀ ਰਾਮ , ਬਾਬੂ ਸਿੰਘ , ਕੁਲਵਿੰਦਰ ਸਿੰਘ , ਹਰਪਾਲ ਸਿੰਘ, ਗੁਲਾਬ ਸ਼ਰਮਾ , ਰਾਜ ਸਿੰਘ ਆਦਿ ਕਿਸਾਨ ਹਾਜ਼ਰ ਸਨ।

# ਗੈਰ ਕਾਨੂੰਨੀ ਕੰਮ ਕਰਨ ਵਾਲੇ ਆਪਣੀਆਂ ਹਰਕਤਾਂ ਤੋਂ ਬਾਜ ਆਉਣ-ਥਾਣਾ ਮੁਖੀ

## ਇਲਾਕੇ ਵਿੱਚ ਕਿਸੇ ਵੀ ਤਰ੍ਹਾਂ ਦੀ ਗੈਰ ਕਾਨੂੰਨੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ-: ਦਾਨਿਸ਼ਵੀਰ ਸਿੰਘ



ਸ਼੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਦੇ ਨਵ ਨਿਯੁਕਤ ਥਾਣਾ ਮੁਖੀ ਦਾਨਿਸ਼ਵੀਰ ਸਿੰਘ ਨੇ ਗੈਰ ਕਾਨੂੰਨੀ ਕੰਮ ਕਰਨ ਵਾਲਿਆਂ ਨੂੰ ਸਖਤ ਤਾੜਨਾ ਕਰਦਿਆਂ ਕਿਹਾ ਕਿ ਉਹ ਆਪਣੀਆਂ ਹਰਕਤਾਂ ਤੋਂ ਬਾਜ ਆ ਜਾਣ। ਆਪਣੀ ਨਿਯੁਕਤੀ ਤੋਂ ਬਾਅਦ ਪੱਤਰਕਾਰਾਂ ਨਾਲ ਪਹਿਲੀ ਮਿਲਣੀ ਦੌਰਾਨ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਮੇਰਾ ਸਭ ਤੋਂ ਪਹਿਲਾਂ ਕੰਮ ਨਸ਼ੇ ਨੂੰ ਖਤਮ ਕਰਨਾ ਤੇ ਸ਼ਹਿਰ ਵਿੱਚ ਪੂਰੀ ਤਰਾਂ ਕਾਨੂੰਨ ਲਾਗੂ ਕਰਨਾ ਹੋਵੇਗਾ। ਉਹਨਾਂ ਕਿਹਾ ਕਿ ਇਲਾਕੇ ਵਿੱਚ ਕਿਸੇ ਵੀ ਤਰ੍ਹਾਂ ਦੀ ਗੈਰ ਕਾਨੂੰਨੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਅਸੀਂ ਰਲ ਮਿਲ ਕੇ ਸਮਾਜ ਨੂੰ ਸੋਹਣਾ ਬਣਾਉਣਾ ਹੈ ਤੇ ਇਸ ਲਈ ਸ਼ਹਿਰ ਵਾਸੀ ਪੂਰੀ ਤਰਹਾਂ ਸਹਿਯੋਗ ਦੇਣ।

# ਰੁਜਗਾਰ ਮੇਲਾ 19 ਜੁਲਾਈ ਨੂੰ ਬਰੇਟਾ ਵਿਖੇ ਰਵਿੰਦਰ ਸਿੰਘ ਗਿਆਨ ਚੰਦ ਅਜਾਦ

## ਯੂਥ ਕਲੱਬਾ ਨੂੰ ਬੇਨਤੀ ਕਿ ਰੋਜਗਾਰ ਮੇਲੇ ਦਾ ਪ੍ਰਚਾਰ ਕਰਨ : ਰਜਿੰਦਰ ਵਰਮਾ ਅਜੈਬ ਸਿੰਘ







ਮਾਨਸਾ (ਮਨੋਜ) ਆਸਰਾ ਫਾਊਡੇਸ਼ਨ ਬਰੇਟਾ, ਜਿਲਾ ਰੂਰਲ ਯੂਥ ਕਲੱਬਜ ਐਸੋਸੀਏਸ਼ਨ ਮਾਨਸਾ ਅਤੇ ਮਾਤਾ ਗੁਜਰੀ ਜੀ ਭਲਾਈ ਕੇਦਰ ਬੁਢਲਾਡਾ ਵਲੋਂ ਜਿਲਾ ਰੁਜਗਾਰ ਅਤੇ ਕਾਰੋਬਾਰ ਬਿਊਰੋ ਮਾਨਸਾ ਦੇ ਸਹਿਯੋਗ ਨਾਲ ਨੋਜਵਾਨਾ ਬੇਰੁਜਗਾਰਾ ਨੂੰ ਰੋਜਗਾਰ ਮਹੁੱਈਆ ਕਰਵਾਉਣ ਲਈ ਪੰਜਾਬ ਪੱਧਰ ਦਾ ਮੇਲਾ 19 ਜੂਲਾਈ ਨੂੰ ਬਰੇਟਾ ਵਿਖੇ ਲੱਗਾਇਆ ਜਾ ਰਿਹਾ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਿਲਾ ਰੁਜਗਾਰ ਅਫਸਰ ਮਾਨਸਾ ਰਵਿੰਦਰ ਸਿੰਘ, ਆਸਰਾ ਫਾਊਡੇਸ਼ਨ ਬਰੇਟਾ ਦੇ ਪ੍ਰਧਾਨ ਡਾਕਟਰ ਗਿਆਨ ਚੰਦ ਅਜਾਦ ਨੇ ਕਿਹਾ ਕਿ ਬੇਰਜਗਾਰ ਨੋਜਵਾਨ ਨੂੰ ਨੋਕਰੀ ਦਿਵਾਉਣ ਲਈ ਹਰ ਸਾਲ ਦੀ ਤਰਾਂ ਇਸ ਸਾਲ ਵੀ ਇਹ ਰੋਜ਼ਗਾਰ ਮੇਲਾ ਕਰਵਾਇਆ ਜਾ ਰਿਹਾ ਹੈ ਜਿਲਾ ਰੂਰਲ ਯੂਥ ਕਲੱਬਜ ਐਸੋਸੀਏਸ਼ਨ ਮਾਨਸਾ ਦੇ ਪ੍ਰਧਾਨ ਸਟੇਟ ਅਵਾਰਡੀ ਰਜਿੰਦਰ ਵਰਮਾ, ਮਾਤਾ ਗੁਜਰੀ ਭਲਾਈ ਕੇਦਰ ਬੁਢਲਾਡਾ ਦੇ ਸੇਵਾਦਾਰ ਮਾਸਟਰ ਕੁਲਵੰਤ ਸਿੰਘ ਤੇ ਆਸਰਾ ਫਾਊਡੇਸਨ ਬਰੇਟਾ ਦੇ ਸਕੱਤਰ ਅਜੈਬ ਸਿੰਘ ਨੇ ਸਮੂਹ ਗ੍ਰਾਮ ਪੰਚਾਇਤਾ , ਕਲੱਬਾ ਅਤੇ ਸਮਾਜ ਸੇਵੀ ਜਥੇਬੰਦੀਆ ਇਲਾਕੇ ਦੇ ਨੋਜਵਾਨਾ ਨੂੰ ਇਸ ਰੁਜਗਾਰ ਮੇਲੇ ਦਾ ਵੱਧ ਤੋ ਵੱਧ ਪ੍ਰਚਾਰ ਕਰਨ ਲਈ ਕਿਹਾ ਤਾ ਜੋ ਪੜੇ ਲਿਖੇ ਰੋਜਗਾਰ ਦੀ ਭਾਲ ਵਿਚ ਫਿਰ ਰਹੇ ਨੋਜਵਾਨਾਂ ਨੂੰ ਰੋਜਗਾਰ ਮਿਲ ਸਕੇ।

# ਮੁ.ਫਤ ਕੈਂਪ ਵਿੱਚ 87 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ



ਰਾਮਾਂ ਮੰਡੀ (ਲੋਕ ਬਾਣੀ)

ਦੀ ਰਾਮਾਂ ਸਹਾਰਾ ਵੈਲਫੇਅਰ ਕਲੱਬ ਵੱਲੋਂ ਸਵ. ਪ੍ਰੇਮਲਤਾ ਕਪੂਰ ਅਤੇ ਸਵ. ਰਾਮਪਾਲ ਕਪੂਰ ਦੀ ਯਾਦ ਵਿੱਚ ਇੱਕ ਮੁਫ਼ਤ ਅੱਖਾਂ ਦੀ ਜਾਂਚ ਦਾ ਕੈਂਪ ਉਨ੍ਹਾਂ ਦੇ ਸਪੁੱਤਰ ਰਾਕੇਸ਼ ਕਪੂਰ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਸੇਠ ਮਨਸਾ ਰਾਮ ਮੈਮੋਰੀਅਲ ਹਸਪਤਾਲ ਵਿਖੇ ਲਗਾਇਆ ਗਿਆ। ਇਹ ਜਾਣਕਾਰੀ ਸਹਾਰਾ ਕਲੱਬ ਦੇ ਪ੍ਰਧਾਨ ਡਾ: ਸੋਹਨ ਲਾਲ ਕਲਿਆਣੀ ਨੇ ਦਿੰਦਿਆਂ ਦੱਸਿਆ ਕਿ ਡਾਕਟਰ ਕਰਨ ਸਾਰਵਾਲ ਦੀ ਟੀਮ ਨੇ ਕੈਂਪ ਚ ਪਹੁੰਚਕੇ ਕੁੱਲ 87 ਮਰੀਜ਼ਾਂ ਦੀ ਜਾਂਚ ਕੀਤੀ, ਜਿਨ੍ਹਾਂ ਚੋਂ 15 ਮਰੀਜ਼ ਚਿੱਟੇ ਮੋਤੀਆਬਿੰਦ ਤੋਂ ਪੀੜਤ ਪਾਏ ਗਏ, ਜਿਨ੍ਹਾਂ ਦਾ ਆਪ੍ਰੇਸ਼ਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਮਰੀਜ਼ਾਂ ਨੂੰ ਦਵਾਈਆਂ ਅਤੇ ਐਨਕਾਂ ਵੀ ਮੁਫ਼ਤ ਦਿੱਤੀਆਂ ਜਾਣਗੀਆਂ। ਇਸ ਮੌਕੇ ਡਾ: ਸੋਹਨ ਲਾਲ ਕਲਿਆਣੀ, ਸੁਰੇਸ਼ ਕਾਂਸਲ, ਵਿਕਰਾਂਤ ਗੁਪਤਾ, ਹੰਸਰਾਜ ਖੰਨਾ, ਅਮਿਤ ਲਹਿਰੀ, ਸੁਰੇਸ਼ ਕੁਮਾਰ ਜੱਗਾ, ਭਗਵਾਨ ਦਾਸ ਪੱਕਾ, ਡਾ. ਸੁਖਦੇਵ ਸਿੰਘ, ਸਤੀਸ਼ ਬਾਂਸਲ ਆਦਿ ਹਾਜ਼ਰ ਸਨ।

# ਮਨਰੇਗਾ ਮਜ਼ਦੂਰਾਂ ਨੇ 4 ਲੇਬਰ ਕੋਡਜ 3 ਫੌਜਦਾਰੀ ਕਾਨੂੰਨਾਂ ਦੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ

-ਸ੍ਰੀ ਮਾਛੀਵਾੜਾ ਸਾਹਿਬ -(ਲੋਕ ਬਾਣੀ) ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ ( ਸੀਟੂ) ਦੇ ਸੱਦੇ ਤੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ 17 ਵੀਂ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ 146 ਪਾਰਲੀਮੈਂਟ ਮੈਂਬਰਾਂ ਨੂੰ ਮੁਅੱਤਲ ਜਾਂ ਬਰਖਾਸਤ ਕਰਕੇ ਬਿਨ੍ਹਾਂ ਬਹਿਸ ਕੀਤੇ ਗਏ 3 ਫੌਜਦਾਰੀ ਕਾਨੂੰਨ ਜਿਨ੍ਹਾਂ ਵਿਚ (ਭਾਰਤੀ ਨਿਆਂ ਸਹਿਤਾ, ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ, ਭਾਰਤੀ ਸਾਕਸਿਆ ਅਧਨਿਯਮ ) ਭਾਜਪਾ ਨੇ ਬਹੁਸੰਮਤੀ ਦੀ ਬਦਮਾਸ਼ੀ ਵਰਤ ਕੇ ਪਾਸ ਕਰ ਲਏ ਸਨ।ਇਹ ਲੋਕ ਵਿਰੋਧੀ ਤਿੰਨ ਫੌਜਦਾਰੀ ਕਾਨੂੰਨ 1 ਜੁਲਾਈ 2024 ਤੋਂ ਦੇਸ਼ ਵਿੱਚ ਲਾਗੂ ਕਰ ਦਿੱਤੇ ਗਏ ਹਨ। ਇਹ ਭਾਰਤ ਦੀ ਜੁਡੀਸ਼ਰੀ ਉੱਤੇ ਸਿੱਧਾ ਹਮਲਾ ਹੈ। ਇਨ੍ਹਾਂ ਕਾਨੂੰਨਾਂ ਦੇ ਲਾਗੂ ਹੋਣ ਨਾਲ ਕਾਨੂੰਨ ਦਾ ਰਾਜ ਖਤਮ ਹੋ ਜਾਵੇਗਾ ਅਤੇ ਪੁਲਿਸ ਰਾਜ ਹੀ ਸ਼ੁਰੂ ਹੋ ਗਿਆ ਹੈ। ਇੱਕ ਹੌਲਦਾਰ ਹੀ ਜਿਸ ਤੇ ਮਰਜ਼ੀ ਮੁਕਦਮਾ ਦਰਜ ਕਰਕੇ ਜਿਥੇ ਪਹਿਲਾਂ ਵੱਧ ਤੋਂ ਵੱਧ 15 ਦਿਨ ਤੱਕ ਪੁਲਿਸ ਹਿਰਾਸਤ ਵਿੱਚ ਰੱਖਿਆ ਜਾਂਦਾ ਸੀ ਹੁਣ 15 ਦਿਨਾਂ ਦੀ ਥਾਂ 90 ਦਿਨ ਤੱਕ ਪੁਲਿਸ ਹਿਰਾਸਤ ਵਿੱਚ ਰੱਖਿਆ ਜਾ ਸਕੇਗਾ । ਹੁਣ ਉਨਾਂ. ਡਰ ਈ. ਡੀ ਅਤੇ ਸੀਬੀਆਈ ਦਾ ਨਹੀਂ ਹੋਵੇਗਾ ਜਿਨ੍ਹਾਂ ਇੱਕ ਪੁਲੀਸ ਅਧਿਕਾਰੀ ਦਾ ਹੋਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੀਟੂ ਪੰਜਾਬ ਦੇ ਸੂਬਾ ਸਕੱਤਰ ਅਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ (ਸੀਟੂ) ਦੇ ਸੂਬਾਈ ਜਨਰਲ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ ਨੇ ਵੱਖ - ਵੱਖ ਪਿੰਡਾਂ ਵਿਚ ਤਿੰਨ ਫੌਜਦਾਰੀ ਕਾਨੂੰਨਾਂ ਅਤੇ 4 ਲੇਬਰ ਕੋਡਜ ਦੇ ਨੋਟੀਫ਼ਿਕੇਸ਼ਨ ਦੀਆਂ ਕਾਪੀਆਂ ਸਾੜਦੇ ਹੋਏ ਕੀਤਾ, ਉਨ੍ਹਾਂ ਕਿਹਾ ਕਿ ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਅਤੇ ਤਿੰਨ ਲੋਕ ਵਿਰੋਧੀ ਕਾਨੂੰਨ ਰੱਦ ਕਰਵਾਉਣ ਲਈ10 ਜੁਲਾਈ ਨੂੰ ਦੇਸ਼ ਦੇ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਅੱਗੇ ਰੋਸ ਧਰਨੇ , ਪ੍ਰਦਰਸ਼ਨਾਂ ਨੂੰ ਕਾਮਯਾਬ ਕਰਨ ਲਈ ਸੀਟੂ ਵੱਲੋਂ ਦਿੱਤੇ ਨਾਅਰੇ ਸਮੇਂ ਦੀ ਇਤਿਹਾਸਕ ਲੋੜ, ਵਿਸ਼ਾਲ ਏਕਤਾ ਤਿੱਖੇ ਘੋਲ ਅਤੇ ' ਕੱਲੇ -ਕੱਲੇ ਮਾਰ ਨਾਂ ਖਾਉ, ਇਕੱਠੇ ਹੋ ਕੇ ਅੱਗੇ ਆਉ ਨੂੰ ਲਾਗੂ ਕਰਦਿਆਂ ਕੇਂਦਰ ਦੀ ਮੋਦੀ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਨੂੰ ਨੰਗਾ ਕਰਨ ਲਈ ਹੱਲਾ ਬੋਲੀਏ ।ਇਸ ਮੌਕੇ ਮਨਰੇਗਾ ਮਜ਼ਦੂਰ ਯੂਨੀਅਨ ਦੇ ਆਗੂ ਸਾਥੀ ਸਿਕੰਦਰ ਬਖ਼ਸ਼ ਮੰਡ ਚੌਂਤਾ ਅਤੇ ਹਰੀ ਰਾਮ ਭੱਟੀ ਨੇ ਪੰਜਾਬ ਦੀ ਮਾਨ ਸਰਕਾਰ ਵੱਲੋਂ ਤਿੰਨ ਸਾਲ




ਬੀਤ ਜਾਣ ਤੋਂ ਬਾਅਦ ਮਜ਼ਦੂਰਾਂ ਅਤੇ ਮੁਲਾਜ਼ਮਾਂ ਦੀ ਇੱਕ ਵੀ ਮੰਗ ਨਹੀਂ ਮੰਨੀ ਉਨ੍ਹਾਂ ਮੰਗ ਕੀਤੀ ਕਿ 44ਵੀਂ-45ਵੀਂ- 46ਵੀਂ ਲੇਬਰ ਕਾਨਫਰੰਸ ਦੀਆਂ ਸਿਫਾਰਸ਼ਾਂ ਅਨੁਸਾਰ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 700/-ਰੁਪਏ ਕੀਤੀ ਜਾਵੇ, ਹਰੇਕ ਕਿਰਤੀ ਦੀ 26000/-ਰੁਪਏ ਪ੍ਰਤੀ ਮਹੀਨਾ ਤਨਖਾਹ ਕੀਤੀ ਜਾਵੇ,ਮਿਨੀਮਮ ਵੇਜ ਵਿੱਚ ਪਿਛਲੇ 12 ਸਾਲਾਂ ਤੋਂ ਵਾਧਾ ਨਹੀਂ ਕੀਤਾ ਗਿਆ ਵਾਧਾ ਕੀਤਾ ਜਾਵੇ,ਸਾਲ ਵਿੱਚ200 ਦਿਨ ਕੰਮ ਦਿੱਤਾ ਜਾਵੇ । ਉਨ੍ਹਾਂ ਕਿਹਾ ਕਿ ਜਿੰਨੀ ਦੇਰ 26000/- ਰੁਪਏ ਤਨਖਾਹ ਨਹੀਂ ਕੀਤੀ ਜਾਂਦੀ ਉਨੀਂ ਦੇਰ ਖੇਤ ਮਜ਼ਦੂਰਾਂ ਦੇ ਬਰਾਬਰ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 430.70 ਪੈਸੇ ਕੀਤੀ ਜਾਵੇ।

# ਪਿੰਡ ਧੂਲੇਵਾਲ ਦੀਆਂ ਦੋ ਭੈਣਾਂ ਬਣੀਆ ਇਕ ਦਿਨ ਦੀਆ ਡੀ.ਸੀ. ਲੁਧਿਆਣਾ

ਸ਼੍ਰੀ ਮਾਛੀਵਾੜਾ ਸਾਹਿਬ-(ਲੋਕ ਬਾਣੀ) ਬਲਾਕ ਦੇ ਪਿੰਡ ਧੁੱਲੇਵਾਲ ਦੀਆ ਦੋ ਭੈਣਾਂ ਨੇ ਜ਼ਿਲਾ ਪ੍ਰਸ਼ਾਸਨ ਮੁਖੀ ਨੂੰ ਮਿਲ ਕੇ ਆਪਣੇ ਕੈਰੀਅਰ ਸੰਬੰਧੀ ਗੱਲਾਂ ਕੀਤੀਆ ਤੇ ਜ਼ਿਲਾ ਮੁਖੀ ਨੇ ਪਹਿਲ ਕਦਮੀ ਕਰਦਿਆ ਦੋਵੇ ਭੈਣਾਂ ਨੂੰ ਆਪਣੇ ਕੈਰੀਅਰ ਤੇ ਚਰਚਾ ਕਰਕੇ ਉਨ੍ਹਾ ਦੇ ਹੌਸਲੇ ਬੁਲੰਦ ਕੀਤੇ। ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਲੋੜੀਂਦੇ ਕੈਰੀਅਰ ਦੇ ਮਾਰਗਾਂ ਦਾ ਪਹਿਲਾ ਹੱਥ ਐਕਸਪੋਜਰ ਪ੍ਰਦਾਨ ਕਰਕੇ ਇੱਛਾਵਾਂ ਅਤੇ ਹਕੀਕਤ ਦੇ ਵਿਚਕਾਰ ਪਾੜੇ ਨੂੰ ਪੂਰਾ ਕਰਨਾ ਹੈ। ਉਨ੍ਹਾਂ ਦੱਸਿਆ ਕਿ ਪਹਿਲਕਦਮੀ ਤਹਿਤ, ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕਰੀਅਰ ਦੀਆਂ ਇੱਛਾਵਾਂ ਬਾਰੇ ਪੁੱਛਿਆ ਜਾਵੇਗਾ। ਉਨ੍ਹਾਂ ਦੀ ਪਸੰਦ ਦੇ ਅਧਾਰ 'ਤੇ ਉਨ੍ਹਾਂ ਨੂੰ ਸਬੰਧਤ ਪੇਸ਼ੇਵਰਾਂ ਦੇ ਦਫਤਰਾਂ ਦੇ ਦੌਰੇ ਲਈ ਸਮੂਹ ਕੀਤਾ ਜਾਵੇਗਾ। ਜਿਸ ਵਿੱਚ ਆਈ.ਏ.ਐਸ., ਆਈ.ਪੀ.ਐਸ., ਪੀ.ਸੀ.ਐਸ., ਪੀ.ਪੀ.ਐਸ., ਡਾਕਟਰ, ਵਿਗਿਆਨੀ ਅਤੇ ਹੋਰ ਕੋਰਸ ਸ਼ਾਮਲ ਹਨ। ਜਿਸਦਾ ਉਦੇਸ਼ ਸਕੂਲੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਪ੍ਰੇਰਿਤ ਕਰਨਾ ਹੈ ਜਿਸ ਤਹਿਤ ਦੋ ਭੈਣਾਂ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੂੰ ਉਨ੍ਹਾਂ ਦੇ ਦਫ਼ਤਰ ਵਿਚ ਮਿਲੀਆਂ। ਮਾਛੀਵਾੜਾ ਬਲਾਕ ਦੇ ਪਿੰਡ ਧੂਲੇਵਾਲ ਦੀ ਰਹਿਣ ਵਾਲੀ ਗੁਰਲੀਨ ਕੌਰ (10) ਅਤੇ ਕੋਮਲਦੀਪ ਕੌਰ (7) ਦੋਵਾਂ ਨੂੰ ਉਨ੍ਹਾਂ ਦੇ ਪਿੰਡ ਤੋਂ ਸਰਕਾਰੀ ਗੱਡੀ ਵਿਚ ਦਫ਼ਤਰ ਡਿਪਟੀ ਕਮਿਸ਼ਨਰ ਲਿਆਂਦਾ ਗਿਆ। ਜ਼ਿਕਰਯੋਗ ਹੈ ਕਿ ਦੋਵੇਂ ਭੈਣਾਂ ਕੁਝ ਦਿਨ ਪਹਿਲਾਂ ਡਿਪਟੀ ਕਮਿਸ਼ਨਰ ਨੂੰ ਮਿਲੀਆਂ ਸਨ ਅਤੇ ਆਪਣੇ ਸੁਪਨੇ ਸਾਂਝੇ ਕੀਤੇ ਸਨ। ਜਿਸ ਤੋਂ ਬਾਅਦ ਡਿਪਟੀ ਕਮਿਸ਼ਨਰ ਵੱਲੋਂ ਦੋਵਾਂ ਬੱਚਿਆਂ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪ੍ਰੇਰਿਤ ਕਰਨ, ਮਾਰਗਦਰਸ਼ਨ ਕਰਨ ਅਤੇ ਖੰਭ ਦੇਣ ਦਾ ਫੈਸਲਾ ਕੀਤਾ। 5ਵੀਂ ਕਲਾਸ ਦੀ ਵਿਦਿਆਰਥਣ ਗੁਰਲੀਨ ਆਈ.ਏ.ਐਸ. ਅਫਸਰ ਬਣਨਾ ਚਾਹੁੰਦੀ ਹੈ ਅਤੇ ਤੀਸਰੀ ਕਲਾਸ ਦੀ ਵਿਦਿਆਰਥਣ ਕੋਮਲਦੀਪ ਦਾ ਅਧਿਆਪਕ ਬਣ ਕੇ ਦੇਸ਼ ਦੀ ਸੇਵਾ ਕਰਨ ਦਾ ਸੁਪਨਾ ਲਈ ਬੈਠੀ ਹੈ। ਦੋਵੇਂ ਭੈਣਾਂ ਨੇ ਡਿਪਟੀ ਕਮਿਸ਼ਨਰ ਨਾਲ ਉਨ੍ਹਾਂ ਦੀ ਰੋਟੀਨ ਬਾਰੇ ਦਿਲੋਂ ਚਰਚਾ ਕੀਤੀ। ਗੁਰਲੀਨ ਨੇ ਡਿਪਟੀ ਕਮਿਸ਼ਨਰ ਨੂੰ ਉਨ੍ਹਾਂ ਦੇ ਕੰਮਕਾਜ ਬਾਰੇ ਪੁੱਛਿਆ ਅਤੇ ਆਈ.ਏ.ਐਸ. ਅਫਸਰ ਬਣਨ ਦਾ ਆਪਣਾ ਸੁਪਨੇ ਬਾਰੇ ਜ਼ਿਕਰ ਕੀਤਾ। ਡਿਪਟੀ ਕਮਿਸ਼ਨਰ ਨੇ ਦੋਵਾਂ ਭੈਣਾਂ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਡਿਪਟੀ ਕਮਿਸ਼ਨਰ ਨੇ ਦੋਵਾਂ ਭੈਣਾਂ ਨੂੰ ਆਪਣੀ ਕੁਰਸੀ ਵੀ ਸਪੁਰਦ ਕੀਤੀ, ਜੋ ਇਸ 'ਤੇ ਬੈਠ ਗਈਆਂ ਅਤੇ ਬਾਅਦ ਵਿਚ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਪ੍ਰਸ਼ੰਸਾ ਪੱਤਰ ਅਤੇ ਭਵਿੱਖ ਲਈ ਸ਼ੁਭ ਕਾਮਨਾਵਾਂ ਵੀ ਦਿੱਤੀਆਂ। ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਲੋੜੀਂਦੇ ਕੈਰੀਅਰ ਦੇ ਮਾਰਗਾਂ ਦਾ ਪਹਿਲਾ ਹੱਥ ਐਕਸਪੋਜਰ ਪ੍ਰਦਾਨ ਕਰਕੇ ਇੱਛਾਵਾਂ ਅਤੇ ਹਕੀਕਤ ਦੇ ਵਿਚਕਾਰ ਪਾੜੇ ਨੂੰ ਪੂਰਾ ਕਰਨਾ ਹੈ। ਉਨ੍ਹਾਂ ਦੱਸਿਆ ਕਿ ਪਹਿਲਕਦਮੀ ਤਹਿਤ, ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕਰੀਅਰ ਦੀਆਂ ਇੱਛਾਵਾਂ ਬਾਰੇ ਪੁੱਛਿਆ ਜਾਵੇਗਾ। ਉਨ੍ਹਾਂ ਦੀ ਪਸੰਦ ਦੇ ਅਧਾਰ 'ਤੇ ਉਨ੍ਹਾਂ ਨੂੰ ਸਬੰਧਤ ਪੇਸ਼ੇਵਰਾਂ ਦੇ ਦਫਤਰਾਂ ਦੇ ਦੌਰੇ ਲਈ ਸਮੂਹ ਕੀਤਾ ਜਾਵੇਗਾ ਜਿਸ ਵਿੱਚ ਆਈ.ਏ.ਐਸ., ਆਈ.ਪੀ.ਐਸ., ਪੀ.ਸੀ.ਐਸ., ਪੀ.ਪੀ.ਐਸ., ਡਾਕਟਰ, ਵਿਗਿਆਨੀ ਅਤੇ ਹੋਰ ਕੋਰਸ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਉਨ੍ਹਾਂ ਪੇਸ਼ੇਵਰਾਂ ਨਾਲ ਗੱਲਬਾਤ ਕਰਨ ਅਤੇ ਉਨ੍ਹਾਂ ਤੋਂ ਸਿੱਖਣ ਦਾ ਮੌਕਾ ਮਿਲੇਗਾ ਜੋ ਉਹਨਾਂ ਦੇ ਨਾਲ ਇੱਕ ਦਿਨ ਬਿਤਾ ਕੇ ਉਹਨਾਂ ਦੀ ਪੈੜ ਦੱਬਣ ਦਾ ਸੁਪਨਾ ਲੈਂਦੇ ਹਨ




# ਕਿਸਾਨ ਮਜ਼ਦੂਰ ਪਸ਼ੂ ਪਾਲਣ ਭਲਾਈ ਫਰੰਟ ਪੰਜਾਬ ਵਲੋਂ ਮੰਗਾਂ ਸਬੰਧੀ ਸਰਕਾਰ ਨਾਲ਼ ਕੀਤੀ ਮੀਟਿੰਗ




ਤਲਵੰਡੀ ਸਾਬੋ -(ਲੋਕ ਬਾਣੀ) ਕਿਸਾਨ ਮਜ਼ਦੂਰ ਪਸ਼ੂ ਪਾਲਣ ਭਲਾਈ ਫਰੰਟ ਪੰਜਾਬ ਦੇ ਇੱਕ ਵਫਦ ਨੇ ਓਐਸਡੀ ਮੁੱਖ ਮੰਤਰੀ ਪੰਜਾਬ ਨਾਲ ਗਲਬਾਤ ਕੀਤੀ ਅਤੇ ਇੱਕ ਮੰਗ ਪੱਤਰ ਸੌਂਪਿਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਫਰੰਟ ਦੇ ਆਗੂ ਸੁਖਜਿੰਦਰ ਸਿੰਘ ਨਥੇਹਾ ਨੇ ਦੱਸਿਆ ਕਿ ਅੱਜ ਕਿਸਾਨ ਮਜ਼ਦੂਰ ਪਸ਼ੂ ਪਾਲਣ ਭਲਾਈ ਫਰੰਟ ਪੰਜਾਬ ਵਲੋਂ ਆਪਣੀਆਂ ਮੰਗਾਂ ਦੇ ਸਬੰਧ ਵਿੱਚ ਪੰਜਾਬ ਸਰਕਾਰ ਨਾਲ਼ ਮੁੱਖ ਮੰਤਰੀ ਰਿਹਾਇਸ਼ ਜਲੰਧਰ ਵਿਖੇ ਮੁੱਖ ਮੰਤਰੀ ਪੰਜਾਬ ਦੇ ਓਐਸਡੀ ਸ. ਓਂਕਾਰ ਬਰਾੜ ਨਾਲ਼ ਮੀਟਿੰਗ ਕੀਤੀ ਗਈ ਹੈ। ਮੀਟਿੰਗ ਮੌਕੇ ਫਰੰਟ ਵਲੋਂ ਕਿਸਾਨ ਮਜ਼ਦੂਰ ਪਸ਼ੂ ਪਾਲਕਾਂ ਅਤੇ ਵੈਟਰਨਰੀ ਇੰਪਲਾਈਜ ਦੀਆਂ ਮੰਗਾਂ ਮਜ਼ਬੂਤੀ ਨਾਲ ਰੱਖੀਆਂ ਗਈਆਂ। ਵਿਥਥਾਰਪੂਰਵਕ ਸਾਰੀਆਂ ਮੰਗਾਂ ਤੇ ਚਰਚਾ ਕਰਨ ਉਪਰੰਤ ਕੁਝ ਮੰਗਾਂ ਤੇ ਸਰਕਾਰ ਵਲੋਂ ਸਹਿਮਤੀ ਹੋਈ ਅਤੇ ਕੁੱਝ ਮੰਗਾਂ ਲਈ ਫ਼ਰੰਟ ਨੂੰ ਦੁਬਾਰਾ ਮੀਟਿੰਗ ਲਈ ਸਮਾਂ ਦਿੱਤਾ ਗਿਆ। ਫਰੰਟ ਦੇ ਆਗੂਆਂ ਵੈਟਰਨਰੀ ਇੰਸਪੈਕਟਰ ਜਗਸੀਰ ਸਿੰਘ ਖਿਆਲਾ, ਜੋਗਿੰਦਰ ਪਾਲ ਮਾਨਸਾ, ਸੁਖਜਿੰਦਰ ਸਿੰਘ ਬਠਿੰਡਾ, ਕੁਲਵਿੰਦਰ ਸਿੰਘ ਸੰਗਰੂਰ, ਸਤਨਾਮ ਸਿੰਘ ਬਰਨਾਲਾ, ਡਾ. ਬਿਪਨ ਪ੍ਰੀਤ ਸਿੰਘ, ਡਾ. ਮਨਪ੍ਰੀਤ ਸਿੰਘ, ਮਨਦੀਪ ਸਿੰਘ ਸਰਦੂਲਗੜ੍ਹ ਵਲੋਂ ਸਰਕਾਰ ਦੇ ਹਾਂ ਪੱਖੀ ਹੁੰਗਾਰੇ ਲਈ ਓਐਸਡੀ ਸਾਹਿਬ ਦਾ ਧੰਨਵਾਦ ਕੀਤਾ ਗਿਆ।

# ਧਾਗਾ ਫੈਕਟਰੀ ਵਿਚ ਭਿਆਨਕ ਅੱਗ ਲੱਗਣ ਨਾਲ ਇੱਕ ਕਰੋੜ ਤੋਂ ਵੱਧ ਦਾ ਨੁਕਸਾਨ, ਜਾਨੀ ਨੁਕਸਾਨ ਹੋਣ ਤੋਂ ਬਚਾਅ



ਸ੍ਰੀ ਮਾਛੀਵਾੜਾ ਸਾਹਿਬ, (ਲੋਕ ਬਾਣੀ) ਸਥਾਨਕ ਕੁਹਾੜਾ ਰੋਡ 'ਤੇ ਸਥਿਤ ਪਿੰਡ ਭੱਟੀਆਂ ਵਿਖੇ ਵੱਡੀ ਉਦਯੋਗਿਕ ਇਕਾਈ ਸ਼ਿਵਾ ਟੈਕਬਫੈੱਬ ਦੇ ਯੂਨਿਟ ਨੰ. 2 ਵਿਚ ਅੱਜ ਬਾਅਦ ਦੁਪਹਿਰ ਖੁੱਲ੍ਹੇ ਯਾਰਡ ਵਿਚ ਪਏ ਧਾਗਾ ਬਣਾਉਣ ਵਾਲੇ ਰਾਅ ਮੈਟੀਰੀਅਲ ਨੂੰ ਅੱਗ ਲੱਗ ਗਈ ਜਿਸ ਕਾਰਨ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ ਪਰ ਮਿੱਲ ਦਾ ਵੱਡਾ ਆਰਥਿਕ ਨੁਕਸਾਨ ਹੋਇਆ। ਫੈਕਟਰੀ ਦੇ ਪ੍ਰਬੰਧਕ ਸ਼ਿਵ ਕੁਮਾਰ ਨੇ ਦੱਸਿਆ ਕਿ ਰੋਜ਼ਾਨਾ ਵਾਂਗ ਧਾਗਾ ਫੈਕਟਰੀ ਵਿਚ ਮਜ਼ਦੂਰ ਕੰਮ ਕਰ ਰਹੇ ਸਨ ਕਿ ਪਲਾਸਟਿਕ ਬੋਤਲਾਂ ਦੇ ਬੰਡਲ ਜਿਸ ਤੋਂ ਮਿੱਲ ਵਿਚ ਧਾਗਾ ਤਿਆਰ ਕੀਤਾ ਜਾਂਦਾ ਹੈ, ਉਸ ਯਾਰਡ ਵਿਚ ਅਚਾਨਕ ਅੱਗ ਲੱਗ ਗਈ। ਇਸ ਅੱਗ ਨੇ ਭਿਆਨਕ ਰੂਪ ਧਾਰਨ ਕਰ ਲਿਆ ਅਤੇ ਸਮਰਾਲਾ, ਖੰਨਾ ਤੇ ਲੁਧਿਆਣਾ ਤੋਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੰਗਵਾਈਆਂ ਗਈਆਂ। ਕਰੀਬ 4 ਘੰਟੇ ਦੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਵਲੋਂ ਕਾਬੂ ਪਾਇਆ ਗਿਆ ਪਰ ਉਸ ਤੋਂ ਬਾਅਦ ਵੀ ਪਲਾਸਟਿਕ ਦੇ ਬੰਡਲਾਂ ਵਿਚ ਅੱਗ ਧੁਖਦੀ ਰਹੀ। ਜਦੋਂ ਅੱਗ ਲੱਗੀ ਤਾਂ ਮਿੱਲ ਵਿਚ ਸੈਂਕੜੇ ਮਜ਼ਦੂਰ ਕੰਮ ਕਰ ਰਹੇ ਸਨ। ਇਸ ਹਾਦਸੇ ਵਿਚ ਕੋਈ ਵੀ ਵੱਡਾ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਮਿੱਲ ਦੇ ਪ੍ਰਬੰਧਕ ਸ਼ਿਵ ਕੁਮਾਰ ਨੇ ਦੱਸਿਆ ਇਸ ਅੱਗ ਕਾਰਨ ਕਰੀਬ 1 ਕਰੋੜ ਦਾ ਰਾਅ ਮੈਟੀਰੀਅਲ ਸੜਕੇ ਸੁਆਹ ਹੋ ਗਿਆ ਜਿਸ ਤੋਂ ਮਿੱਲ ਵਿਚ ਧਾਗਾ ਤਿਆਰ ਹੋਣਾ ਸੀ। ਘਟਨਾ ਦੀ ਸੂਚਨਾ ਮਿਲਦੇ ਹੀ ਮਾਛੀਵਾੜਾ ਪੁਲਸ ਵੀ ਮੌਕੇ 'ਤੇ ਪੁੱਜੀ। ਅੱਗ ਦੇ ਕਾਰਨਾਂ ਬਾਰੇ ਸਪੱਸ਼ਟ ਜਾਣਕਾਰੀ ਨਹੀਂ ਮਿਲ ਸਕੀ ਕਿ ਇਹ ਕਿਸ ਤਰ੍ਹਾਂ ਲੱਗੀ।

ਫੋਟੋ ਕੈਪਸ਼ਨ- ਪਲਾਸਟਿਕ ਦੇ ਬੰਡਲਾਂ ਨੂੰ ਲੱਗੀ ਅੱਗ 'ਤੇ ਕਾਬੂ ਪਾਉਂਦੇ ਹੋਏ ਫਾਇਰ ਬ੍ਰਿਗੇਡ ਕਰਮਚਾਰੀ। 2-ਅੱਗ ਨਾਲ ਨੁਕਸਾਨਿਆ ਗਿਆ ਰਾਅ ਮੈਟੀਰੀਅਲ ਜਿਸ ਤੋਂ ਧਾਗਾ ਤਿਆਰ ਹੋਣਾ ਸੀ।

# ਜੈ ਦੁਰਗਾ ਮਾਈਸਰ ਮੰਦਰ ਉੱਭਾ ਵਿਖੇ 45ਵਾਂ ਸਾਲਾਨਾ ਸੰਮੇਲਨ 13 ਜੁਲਾਈ ਤੋਂ ਸ਼ੁਰੂ : ਪ੍ਰਬੰਧਕ





ਮਾਨਸਾ/ ਜੋਗਾ (ਲੋਕ ਬਾਣੀ) ਪਰਮ ਪੂਜਯ ਮਾਤਾ ਬਿਮਲਾ ਦੇਵੀ ਜੀ ਉੱਭੇ ਵਾਲਿਆਂ ਦੀ ਅਪਰ-,ਅਪਾਰ ਕਿਰਪਾ ਨਾਲ ਜੈ ਦੁਰਗਾ ਮਾਈਸਰ ਮੰਦਰ ਉੱਭਾ (ਮਾਨਸਾ) ਵਿਖੇ 45ਵਾਂ ਸਾਲਾਨਾ ਸੰਮੇਲਨ 13 ਅਤੇ 14 ਜੁਲਾਈ ਨੂੰ ਬੜੀ ਸ਼ਰਧਾ ਭਾਵਨਾਂ ਨਾਲ ਮਨਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆ ਪ੍ਰਬੰਧਕਾਂ ਨੇ ਦੱਸਿਆ ਕਿ ਜੈ ਦੁਰਗਾ ਮਾਈਸਰ ਮੰਦਰ ਪ੍ਰਬੰਧਕ ਕਮੇਟੀ,ਨਗਰ ਨਿਵਾਸੀ ਅਤੇ ਨਗਰ ਪੰਚਾਇਤ ਦੇ ਸਹਿਯੋਗ ਨਾਲ ਇਹ 45ਵਾਂ ਸਾਲਾਨਾ ਸੰਮੇਲਨ ਕਰਵਾਇਆਂ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸੰਗਤਾਂ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲੈ ਗਏ ਹਨ।ਦੂਰੋ ਆ ਰਹੀਆਂ ਸੰਗਤਾਂ ਵਾਸਤੇ ਠਹਿਰਣ ਲਈ ਕਮਰਿਆ ਦਾ ਪ੍ਰਬੰਧ ਤੋਂ ਇਲਾਵਾ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।ਉਹਨਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਸ਼ਰਧਾਂ ਨਾਲ ਪਰਿਵਾਰ ਸਮੇਤ ਮੰਦਰ ਵਿਚ ਪਹੁੰਚ ਕੇ ਪਰਮ ਪੂਜਯ ਮਾਤਾ ਜੀ ਤੌ ਆਸ਼ੀਰਵਾਦ ਪ੍ਰਾਪਤ ਕਰਕੇ ਆਪਣੇ ਜੀਵਨ ਸਫਲ ਕਰਨ। ਇਸ ਮੌਕੇ ਹਰਨੇਕ ਸਿੰਘ, ਅਦਰਸ ਕੁਮਾਰ, ਓਮ ਪ੍ਰਕਾਸ਼, ਜੌਨੀ ਮਿੱਤਲ ਆਦਿ ਹਾਜ਼ਰ ਸਨ।

# ਕਲੋਨੀ ਵਿੱਚ ਬਣਦੀਆਂ ਸਹੂਲਤਾਂ ਦੀ ਅਣਹੋਂਦ ਕਾਰਨ ਕਲੋਨੀ ਵਾਸੀ ਹੋ ਰਹੇ ਹਨ ਪਰੇਸ਼ਾਨ

## ਮੁੱਢਲੀਆਂ ਸਹੂਲਤਾਂ ਦੀ ਪੂਰਤੀ ਲਈ ਪੱਲਿਓ ਕਰਨਾ ਪੈ ਰਿਹਾ ਹੈ ਖਰਚਾ ਪਰ ਸਰਕਾਰ ਚੁੱਪ



ਦਿੜ੍ਹਬਾ ਮੰਡੀ (ਲੋਕ ਬਾਣੀ)

ਦੋ ਦਹਾਕੇ ਪਹਿਲਾਂ ਦਿੜ੍ਹਬਾ ਵਿਖੇ ਕਲੋਨਾਈਜਰਾਂ ਵੱਲੋਂ ਹੋਰਨਾਂ ਵੱਡੇ ਅਤੇ ਛੋਟੇ ਸ਼ਹਿਰਾਂ ਵਾਂਗ ਦਿੜ੍ਹਬਾ ਵਿਖੇ ਵੀ ਕਈ ਕਲੋਨੀਆਂ ਕੱਟੀਆਂ ਗਈਆਂ ਸਨ ਅਤੇ ਇਹਨਾਂ ਕਲੋਨੀਆਂ ਨੂੰ ਕੱਟਣ ਤੋਂ ਪਹਿਲਾਂ ਬਣਾਏ ਗਏ ਨਕਸ਼ੇ ਰਾਹੀਂ ਲੋਕਾਂ ਨੂੰ ਕਲੋਨਾਈਜਰਾਂ ਵੱਲੋਂ ਵਿਖਾਏ ਗਏ ਸਬਜਬਾਗ ਕਾਰਨ ਲੋਕਾਂ ਨੇ ਇਹਨਾਂ ਕਲੋਨੀਆਂ ਵਿੱਚ ਧੜਾ ਧੜਾ ਮਹਿੰਗੀਆਂ ਕੀਮਤਾਂ ਤੇ ਪਲਾਟ ਖਰੀਦ ਕੇ ਆਪਣੇ ਮਕਾਨ ਬਣਾ ਲਏ ਪਰੰਤੂ ਇਹਨਾਂ ਵਿੱਚੋਂ ਕਈ ਕਲੋਨੀਆਂ ਤਾਂ ਅਪਰੂਵਡ ਹੋਣ ਕਾਰਨ ਉੱਥੇ ਦੇ ਵਸਨੀਕਾਂ ਨੂੰ ਬਿਜਲੀ, ਪਾਣੀ, ਸੀਵਰੇਜ, ਸਟਰੀਟ ਲਾਇਟਾਂ, ਸਫਾਈ ਅਤੇ ਹੋਰ ਬਹੁਤ ਸਾਰੀਆਂ ਮੁੱਢਲੀਆਂ ਸਹੂਲਤਾਂ ਮਿਲ ਗਈਆਂ ਹਨ ਪਰੰਤੂ ਗਰੀਨ ਸਿਟੀ ਕਲੋਨੀ ਦਿੜ੍ਹਬਾ ਅਪਰੂਵਡ ਨਾ ਹੋਣ ਕਾਰਨ ਕਲੋਨੀ ਵਾਸੀ ਉਕਤ ਸਾਰੀਆਂ ਸਹੂਲਤਾਂ ਤੋਂ ਵਾਂਝੇ ਹਨ ਜਿਸ ਕਰਕੇ ਲੋਕਾਂ ਨੂੰ ਆਪਣੀ ਜੇਬ ਵਿੱਚੋਂ ਲੱਖਾਂ ਰੁਪਏ ਖਰਚ ਕਰਕੇ ਪੀਣ ਵਾਲੇ ਪਾਣੀ ਵਰਗੀਆਂ ਕੁੱਝ ਇੱਕ ਸਹੂਲਤਾਂ ਤਾਂ ਹਾਸ਼ਲ ਕਰ ਲਈਆਂ ਹਨ ਪਰੰਤੂ ਕਲੋਨੀ ਵਾਸੀ ਅਜੇ ਹੋਰ ਬਹੁਤ ਸਾਰੀਆਂ ਲੋੜੀਦੀਆਂ ਸਹੂਲਤਾਂ ਤੋਂ ਵਾਂਝੇ ਹਨ ਜਿਸ ਕਰਕੇ ਕਲੋਨੀ ਵਾਸੀ ਲੱਖਾਂ ਰੁਪਏ ਖਰਚ ਕਰਕੇ ਵੀ ਆਪਣੇ ਆਪ ਨੂੰ ਆਪਣੇ ਹੀ ਮਕਾਨਾਂ ਵਿੱਚ ਕਿਰਾਏਦਾਰ ਵਾਂਗ ਮਹਿਸੂਸ ਕਰ ਰਹੇ ਹਨ ਕਿਉਂਕਿ ਕਲੋਨਾਈਜਰਾਂ ਨੇ ਕਲੋਨੀ ਅਪਰੂਵਡ ਕਰਵਾਉਣ ਲਈ ਸਰਕਾਰ ਦੀ ਪੋਲਿਸੀ ਮੁਤਾਬਿਕ ਪੂਰੇ ਪੈਸੇ ਨਹੀਂ ਭਰੇ ਪਰ ਸਰਕਾਰ ਕੋਲ ਸੱਚੇ ਹੋਣ ਲਈ ਕੁੱਝ ਪ੍ਰਤੀਸ਼ਤ ਪੈਸੇ ਭਰੇ ਹਨ ਜਿਸ ਕਰਕੇ ਕਲੋਨੀ ਅਪਰੂਵਡ ਹੋਣੋ ਰਹਿ ਗਈ। ਕਲੋਨੀ ਵਾਸੀਆਂ ਨੇ ਦੱਸਿਆ ਕਿ ਕਲੋਨੀ ਵਿੱਚ ਸੀਵਰੇਜ ਦਾ ਮੰਦਾ ਹਾਲ ਹੈ, ਪੀਣ ਵਾਲਾ ਪਾਣੀ ਡੂੰਘਾ ਹੋਣ ਕਾਰਨ ਸਬਰਸੀਵਲ ਮੋਟਰਾਂ ਤੇ ਲੱਖਾਂ ਰੁਪਏ ਖਰਚ ਕਰਨਾ ਪੈ ਰਿਹਾ ਹੈ ਅਤੇ ਪਾਣੀ ਡੂੰਘਾ ਹੋਣ ਕਾਰਨ ਮੋਟਰਾਂ ਪਾਣੀ ਛੱਡ ਰਹੀਆਂ ਹਨ, ਜਦੋਂ ਕਿ ਕਲੋਨੀ ਵਿੱਚ ਵਾਟਰ ਵਰਕਸ ਮੌਜੂਦ ਹੈ ਪਰ ਕੁਨੈਕਸ਼ਨ ਕੱਟਿਆ ਹੋਇਆ ਹੈ, ਹੁਣ ਇਸ ਵਾਟਰ ਵਰਕਸ ਤੇ ਅਵਾਰਾ ਕੁੱਤੇ ਬੈਠੇ ਰਹਿੰਦੇ ਹਨ, ਸੜਕਾਂ ਦੀ ਸਫਾਈ ਅਤੇ ਸਟਰੀਟ ਲਾਈਟਾਂ ਦਾ ਪ੍ਰਬੰਧ ਅਤੇ ਰਾਤ ਦੇ ਚੌਂਕੀਦਾਰ ਕਲੋਨੀ ਵਾਸੀਆਂ ਨੇ ਖੁਦ ਪੈਸੇ ਇਕੱਠੇ ਕਰਕੇ ਰੱਖਿਆ ਹੋਇਆ ਹੈ। ਸੰਗਰੂਰ ਦਿੱਲੀ ਤੋਂ ਕਲੋਨੀ ਰਾਹੀਂ ਗੁਰਦੁਆਰਾ ਬੈਰਸੀਆਣਾ ਅਤੇ ਬੈਰਸੀਆਣਾ ਚੈਰੀਟੇਬਲ ਹਸਪਤਾਲ ਨੂੰ ਜਾਂਦੀ ਇਸ ਸੜਕ ਦੀ ਹਾਲਤ ਏਨੀ ਖਸਤਾ ਹੈ ਕਿ ਬਰਸਾਤਾਂ ਦੌਰਾਨ ਪਾਣੀ ਨਾਲ ਭਰ ਜਾਂਦੀ ਹੈ ਜਿਸ ਕਰਕੇ ਲੋਕਾਂ ਨੂੰ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਸੜਕ ਵੀ ਥਾਂ ਥਾਂ ਤੋਂ ਟੁੱਟੀ ਪਈ ਹੈ ਅਤੇ ਇਸ ਸੜਕ ਰਾਹੀਂ ਕਲੋਨੀ ਵਾਸੀਆਂ ਤੋਂ ਇਲਾਵਾ ਗੁਰਦੁਆਰਾ ਬੈਰਸੀਆਣਾ ਸਾਹਿਬ ਅਤੇ ਬੈਰਸੀਆਣਾ ਚੈਰੀਟੇਬਲ ਹਸਪਤਾਲ ਲਈ ਲੋਕਾਂ ਦਾ ਦਿਨ-ਰਾਤ ਆਉਣਾ ਜਾਣਾ ਰਹਿੰਦਾ ਹੈ ਅਤੇ ਦਸਵੀਂ ਵਾਲੇ ਦਿਨ ਹਜ਼ਾਰਾਂ ਦਾ ਇਕੱਠ ਹੁੰਦਾ ਹੈ। ਸਹੂਲਤਾਂ ਦੇਣ ਲਈ ਜਦ ਨਗਰ ਪੰਚਾਇਤਾ ਦਿੜ੍ਹਬਾ ਦੇ ਕਾਰਜ ਸਾਧਕ ਅਫਸਰ ਨਾਲ ਗੱਲ ਕੀਤੀ ਕਿ ਕਲੋਨੀ ਅਪਰੂਵਡ ਨਾ ਹੋਣ ਕਾਰਨ ਵੁਕਤ ਸਹੂਲਤਾਂ ਨਹੀਂ ਦੇ ਸਕਦੇ। ਉਧਰ ਇਸ ਸਬੰਧੀ ਦਿੜ੍ਹਬਾ ਹਲਕੇ ਦੇ ਵਿਧਾਇਕ ਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾਂ ਨੂੰ ਵੀ ਮੰਗ ਪੱਤਰ ਦਿੱਤਾ ਗਿਆ ਹੈ ਪਰੰਤੂ ਕਈ ਮਹੀਨੇ ਬੀਤ ਜਾਣ ਦੇ ਬਾਵਜੂਦ ਇਸ ਮੰਗ ਪੱਤਰ ਤੇ ਅਮਲ ਨਹੀਂ ਹੋਇਆ। ਕਲੋਨੀ ਵਾਸੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਲੋਨਾਈਜਰਾਂ ਤੇ ਦਬਾ ਪਾਕੇ ਜਾਂ ਕਿਸੇ ਹੋਰ ਸਕੀਮ ਤਹਿਤ ਕਲੋਨੀ ਨੂੰ ਅਰਪਰੂਵਡ ਕਰਕੇ ਕਲੋਨੀ ਵਾਸੀਆਂ ਨੂੰ ਬਣਦੀਆਂ ਸਾਰੀਆਂ ਸਹੂਲਤਾਂ ਮੁਹੱਈਆਂ ਕਰਵਾਈਆਂ ਜਾਣ।